ਇਸ ਵਾਰ ਗਰਮੀ ਦੀਆਂ ਛੁੱਟੀਆਂ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2700 ਵੀਜ਼ਾ
1 ਜਨਵਰੀ 2024 ਤੋਂ 2 ਮਈ 2024 ਤੱਕ ਲੱਗੇ
easyvisa
8194 828282

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ ਅਮਨਦੀਪ ਮਹਿਰਾ
ਸ਼ਨੀਵਾਰ 18 ਮਈ 2024

EDUCATING LITERATES
LALLY
Infosys
Since 1997
Group of Institutions
ISO 9001-2015 Certified
Serving Society with Quality Education
STUDY ABROAD
LALLY BUILDING, BMC CHOWK
JALANDHAR 98889-00011

R.N.I.Punpun/29016/2008 * ਸਾਲ 15 * ਅੰਕ : 352 * ਮੁੱਲ ; 5.00 ਰੁਪਏ * ਕੁੱਲ ਪੇਜ 10 * ਦਫਤਰ : 0181-2211009 * : M 99155-94111

ਇਸ ਵਾਰ ਗਰਮੀ ਦੀਆਂ ਛੁੱਟੀਆਂ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2700 ਵੀਜ਼ਾ
1 ਜਨਵਰੀ 2024 ਤੋਂ 2 ਮਈ 2024 ਤੱਕ ਲੱਗੇ
easyvisa | 8194 828282

## ਅਮਰੀਕਾ ਵਿਚ ਆਏ ਤੂਫ਼ਾਨ ਕਾਰਨ ਮੱਚੀ ਤਬਾਹੀ

ਅਮਰੀਕਾ, ਲੋਕ ਬਾਣੀ --ਅਮਰੀਕਾ ਦੇ ਹਿਊਸਟਨ 'ਚ ਵੀਰਵਾਰ ਨੂੰ ਭਿਆਨਕ ਤੂਫ਼ਾਨ ਆਇਆ। ਇਸਦੀ ਲਪੇਟ 'ਚ ਆ ਕੇ ਚਾਰ ਲੋਕਾਂ ਦੀ ਮੌਤ ਹੋ ਗਈ। ਤੂਫਾਨ ਕਾਰਨ ਕਰੀਬ ਅੱਠ ਲੱਖ ਘਰਾਂ ਤੇ ਦਫਤਰਾਂ ਦੀ ਲਾਈਟ ਚਲੀ ਗਈ। ਚੌਕਸੀ ਵਰਤਦੇ ਹੋਏ ਹਿਊਸਟਨ ਦੇ ਸਾਰੇ ਸਕੂਲ ਬੰਦ ਕਰ ਦਿੱਤੇ ਗਏ। ਖਰਾਬ ਮੌਸਮ ਕਾਰਨ ਉਡਾਣਾਂ ਵੀ ਪ੍ਰਭਾਵਿਤ ਹੋਈਆਂ ਹਨ। ਜਹਾਜ਼ਾਂ ਨੂੰ ਦੋ ਅਹਿਮ ਹਵਾਈ ਅੱਡਿਆਂ 'ਤੇ ਉਤਾਰਿਆ ਗਿਆ। ਬੁਸ਼ ਇੰਟਰਕਾਂਟੀਨੈਂਟਲ ਹਵਾਈ ਅੱਡੇ 'ਤੇ 60 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲੀਆਂ।

## ਯੂਐਨ ਮਾਹਿਰਾ ਦਾ ਦਾਅਵਾ ਇਸ ਸਾਲ ਭਾਰਤ ਕਰੇਗਾ 7% ਆਰਥਿਕ ਵਿਕਾਸ



ਭਾਰਤ ਦਾ ਆਰਥਿਕ ਵਿਕਾਸ ਪ੍ਰਦਰਸ਼ਨ ਬਹੁਤ ਵਧੀਆ ਰਿਹਾ ਹੈ ਅਤੇ ਇਹ ਕਈ ਪੱਛਮੀ ਕੰਪਨੀਆਂ ਲਈ ਨਿਵੇਸ਼ ਨਵਾਂ ਦੇਸ਼ ਬਣ ਗਿਆ ਹੈ ਕਿਉਂਕਿ ਚੀਨ ਵਿੱਚ ਵਿਦੇਸ਼ੀ ਨਿਵੇਸ਼ ਲਗਾਤਾਰ ਘਟਦਾ ਜਾ ਰਿਹਾ ਹੈ। ਮਾਹਿਰ ਨੇ ਇਹ ਗੱਲ ਸੰਯੁਕਤ ਰਾਸ਼ਟਰ ਵੱਲੋਂ 2024 ਲਈ ਭਾਰਤ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ ਵਾਧੇ ਨੂੰ ਸੋਧਣ ਦੇ ਮੌਕੇ 'ਤੇ ਕਹੀ। ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਮਾਮਲਿਆਂ ਦੇ ਵਿਭਾਗ ਦੇ ਆਰਥਿਕ ਵਿਸ਼ਲੇਸ਼ਣ ਅਤੇ ਨੀਤੀ ਡਿਵੀਜ਼ਨ ਵਿੱਚ ਕੌਮਾਂਤਰੀ ਆਰਥਿਕ ਨਿਗਰਾਨੀ ਸ਼ਾਖਾ ਦੇ ਮੁਖੀ ਹਾਮਿਦ ਰਾਸ਼ਿਦ ਨੇ ਅੱਜ ਇੱਥੇ ਪੱਤਰਕਾਰਾਂ ਨੂੰ ਕਿਹਾ ਕਿ ਸਾਲ 2024 ਲਈ ਭਾਰਤ ਦੇ ਵਿਕਾਸ ਦੇ ਅਨੁਮਾਨ ਨੂੰ ਸੋਧਿਆ ਗਿਆ ਹੈ।

## ਪੰਜਾਬ ਪੁਲਿਸ ਨੇ ਨਕਲੀ ਕਾਲ ਸੈਂਟਰ ਵਾਲੇ ਕੀਤੇ ਕਾਬੂ

ਚੰਡੀਗੜ੍ਹ , ਵਿਨੋਦ ਸ਼ਰਮਾ --ਪੰਜਾਬ ਪੁਲਸ ਦੇ (ਡੀ. ਜੀ. ਪੀ.) ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਇੱਥੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਪੁਲਸ ਦੇ ਸਾਈਬਰ ਕ੍ਰਾਈਮ ਡਵੀਜ਼ਨ ਨੇ ਮੋਹਾਲੀ 'ਚ ਚੱਲ ਰਹੇ 2 ਫਰਜ਼ੀ ਕਾਲ ਸੈਂਟਰਾਂ ਦਾ ਪਰਦਾਫਾਸ਼ ਕੀਤਾ ਹੈ। ਇਨ੍ਹਾਂ ਕੇਂਦਰਾਂ ਦੇ 155 ਮੁਲਾਜ਼ਮਾਂ ਨੂੰ ਅਮਰੀਕਾ 'ਚ ਰਹਿਣ ਵਾਲੇ ਲੋਕਾਂ ਨੂੰ ਫਰਜ਼ੀ ਕਾਲਾਂ ਕਰਨ ਅਤੇ ਧੋਖਾ ਦੇਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ।

## ਅਗਲੇ ਪੰਜ ਦਿਨ ਪਵੇਗੀ ਉਤਰ ਭਾਰਤ ਵਿਚ ਭਾਰੀ ਗਰਮੀ

ਚੰਡੀਗੜ੍ਹ, ਵਿਨੋਦ ਸ਼ਰਮਾ -- ਉੱਤਰ ਭਾਰਤ 'ਚ ਭਿਆਨਕ ਗਰਮੀ ਪੈਣ ਵਾਲੀ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਨੇ ਸ਼ੁੱਕਰਵਾਰ ਨੂੰ ਅਗਲੇ ਪੰਜ ਦਿਨਾਂ ਤੱਕ ਪੰਜਾਬ, ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ 'ਚ ਲੂ ਚੱਲਣ ਦੀ ਚਿਤਾਵਨੀ ਦਿੱਤੀ ਹੈ। ਇਸਨੇ ਅਗਲੇ ਚਾਰ ਦਿਨਾਂ ਤੱਕ ਮੱਧ ਪ੍ਰਦੇਸ਼ ਤੇ ਬਿਹਾਰ ਵਰਗੇ ਸੂਬਿਆਂ 'ਚ ਲੂ ਚੱਲਣ ਦੀ ਵੀ ਭਵਿੱਖਬਾਣੀ ਕੀਤੀ ਹੈ।

## ਸ਼ਰਾਬ ਦੇ ਸ਼ੌਕੀਨਾਂ ਲਈ ਮਾੜੀ ਖਬਰ ਵਧਣ ਜਾਂ ਰਹੇ ਹਨ ਰੇਟ



ਲੁਧਿਆਣਾ, ਸੁਖਚੈਨ- ਲੋਕ ਬਾਣੀ ਨਿਊਜ਼: ਸ਼ਰਾਬ ਦੇ ਸ਼ੌਕੀਨਾਂ ਨੂੰ ਝਟਕਾ ਲੱਗਣ ਵਾਲਾ ਹੈ। ਦਰਅਸਲ, ਹਰਿਆਣਾ ਸਰਕਾਰ ਨੇ ਆਬਕਾਰੀ ਨੀਤੀ 2024-25 ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਤੋਂ ਬਾਅਦ ਗੁਰੂਗ੍ਰਾਮ ਵਿੱਚ ਸ਼ਰਾਬ ਦੀਆਂ ਦੁਕਾਨਾਂ, ਬਾਰਾਂ ਅਤੇ ਪੱਬਾਂ ਵਿੱਚ ਸ਼ਰਾਬ ਮਹਿੰਗੀ ਹੋ ਜਾਵੇਗੀ। ਇਸ ਨੀਤੀ 'ਚ ਸੂਬੇ 'ਚ ਵਿਕ ਰਹੀ ਸ਼ਰਾਬ 'ਤੇ ਡਿਊਟੀ ਵਧਾਉਣ ਦੀ ਤਜਵੀਜ਼ ਹੈ। ਅਧਿਕਾਰੀਆਂ ਨੇ ਦੱਸਿਆ ਕਿ ਦਰਾਂ 'ਚ ਬਦਲਾਅ 12 ਜੂਨ ਤੋਂ ਲਾਗੂ ਹੋਣਗੇ, ਜਦੋਂ ਨਵੀਂ ਆਬਕਾਰੀ ਨੀਤੀ ਰਸਮੀ ਤੌਰ 'ਤੇ ਲਾਗੂ ਹੋ ਜਾਵੇਗੀ। ਨਵੀਂ ਨੀਤੀ ਦੇ ਤਹਿਤ, ਬੀਅਰ ਦੇ ਇੱਕ ਕੇਸ ਦੀ ਕੀਮਤ ਵਿੱਚ ਵੱਧ ਤੋਂ ਵੱਧ 20% ਦਾ ਵਾਧਾ ਹੋਵੇਗਾ, ਜੋ ਕਿ ਬ੍ਰਾਂਡ ਦੇ ਅਧਾਰ 'ਤੇ ਪ੍ਰਤੀ ਕੇਸ 200-300 ਰੁਪਏ ਦੇ ਕਰੀਬ ਹੋਵੇਗਾ।

## ਪੰਜਾਬ 'ਚ, ਕਹਿਰ ਦੀ ਗਰਮੀ ਵਿਚ ਪੰਜ-ਪੰਜ ਕਿਲੋ ਆਟਾ ਲੈਣ ਲਈ ਲੋੜਵੰਦ ਲਾਇਨਾਂ ਵਿਚ ਖੜ੍ਹੇ ਦਿਸੇ

**ਜਲੰਧਰ, ਹਰਬੰਸ ਬਿੱਟੂ** -ਦੋ ਡੰਗ ਦੀ ਰੋਟੀ ਤੇ 5-5 ਕਿੱਲੋ ਆਟਾ ਲੈਣ ਲਈ ਅੱਜ-ਕੱਲ੍ਹ ਰੰਗਲੇ ਪੰਜਾਬ ਦੇ ਲੋੜਵੰਦ ਪਰਿਵਾਰ ਲਾਇਨਾਂ ਵਿੱਚ ਲੱਗੇ ਹੋਏ ਹਨ। ਜਿਸ ਵਿੱਚ ਬਜ਼ੁਰਗ, ਮਾਵਾਂ, ਧੀਆਂ ਇਸ ਆਟੇ ਖਾਤਰ ਸਵੇਰ ਤੋਂ ਹੀ ਲਾਈਨਾਂ ਵਿੱਚ ਲੱਗ ਜਾਂਦੀਆਂ ਹਨ ਤੇ ਉਨ੍ਹਾਂ ਦੀ ਵਾਰੀ ਸ਼ਾਮ ਤੱਕ ਹੀ ਮਸਾਂ ਆ ਪਾਉਂਦੀ ਹੈ। ਇਸ ਸਬੰਧੀ ਵੱਖ-ਵੱਖ ਖਪਤਕਾਰਾਂ ਨੇ ਦੱਸਿਆ, ਕਿ ਰਾਜਨੀਤਿਕ ਆਗੂਆਂ ਨੇ ਰੰਗਲੇ ਪੰਜਾਬ ਨੂੰ ਮੰਗਤਾ ਪੰਜਾਬ ਬਣਾ ਕੇ ਰੱਖ ਦਿੱਤਾ ਹੈ। ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਅੱਜ ਤੋਂ 15 ਕੁ ਸਾਲ ਪਹਿਲਾਂ ਰਾਸ਼ਨ ਕਾਰਡ ਧਾਰਕ ਨੂੰ ਕਣਕ,ਦਾਲ, ਤੇਲ ਘੀ ਆਦਿ ਡਿਪੂਆਂ ਤੋਂ ਮਿਲਦਾ ਸੀ।

## ਕੇਜਰੀਵਾਲ ਦਿਆਂ ਮੁਸ਼ਕਿਲਾਂ 'ਚ ਹੋਇਆ ਵਾਧਾ ਈਡੀ ਨੇ ਚਾਰਜਸ਼ੀਟ ਦਾਖਲ ਕੀਤੀ



ਦਿੱਲੀ, ਲੋਕ ਬਾਣੀ- ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਥਿਤ ਆਬਕਾਰੀ ਨੀਤੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਅਤੇ ਉਨ੍ਹਾਂ ਦੀ ਆਮ ਆਦਮੀ ਪਾਰਟੀ ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ। ਸੂਤਰਾਂ ਨੇ ਦੱਸਿਆ ਕਿ ਇਸਤਗਾਸਾ ਦੀ ਸ਼ਿਕਾਇਤ ਇੱਥੇ ਵਿਸ਼ੇਸ਼ ਅਦਾਲਤ ਵਿੱਚ ਦਾਇਰ ਕੀਤੀ ਗਈ ਹੈ ਅਤੇ ਮੁਲਜ਼ਮਾਂ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐਮਐਲਏ) ਦੀਆਂ ਧਾਰਾਵਾਂ ਤਹਿਤ ਚਾਰਜਸ਼ੀਟ ਕਰਨ ਦੀ ਮੰਗ ਕੀਤੀ ਗਈ ਹੈ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਕੇਜਰੀਵਾਲ ਦੇ ਪੀ.ਏ ਤੇ ਹੋਇਆ ਮਾਮਲਾ ਦਰਜ , ਸਵਾਤੀ ਮਾਲੀਵਾਲ ਨੇ ਲਗਾਏ ਗੰਭੀਰ ਆਰੋਪ



ਦਿੱਲੀ, ਲੋਕ ਬਾਣੀ ਨਿਊਜ਼: ਆਮ ਆਦਮੀ ਪਾਰਟੀ ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਪੀਏ ਰਿਸ਼ਵ ਕੁਮਾਰ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਮਾਮਲਾ ਦਰਜ ਕਰਵਾਇਆ ਹੈ।

ਸਵਾਤੀ ਮਾਲੀਵਾਲ ਨੇ ਕੁੱਟਮਾਰ ਮਾਮਲੇ ਵਿੱਚ ਆਪਣਾ ਬਿਆਨ ਦਰਜ ਕਰਵਾਇਆ। ਮਾਲੀਵਾਲ ਨੇ ਆਪਣੇ ਬਿਆਨ 'ਚ ਕਿਹਾ ਕਿ ਵਿਭਵ ਕੁਮਾਰ ਨੇ ਉਸ ਨੂੰ ਥੱਪੜ ਮਾਰਿਆ, ਲੱਤਾਂ ਮਾਰੀਆਂ, ਡੰਡੇ ਨਾਲ ਕੁੱਟਿਆ ਅਤੇ ਫਿਰ ਪੇਟ ਅਤੇ ਛਾਤੀ 'ਤੇ ਮੁੱਕਾ ਮਾਰਿਆ।

ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਸਵਾਤੀ ਮਾਲੀਵਾਲ 'ਤੇ ਵਿਭਵ ਦੇ ਹਮਲੇ ਦੇ ਤਿੰਨ ਦਿਨ ਬਾਅਦ, ਸੰਸਦ ਮੈਂਬਰ ਨੇ ਵੀਰਵਾਰ ਨੂੰ ਸ਼ਿਕਾਇਤ ਦਰਜ ਕਰਵਾਈ ਅਤੇ ਇਸ ਮਾਮਲੇ 'ਤੇ ਆਪਣੀ ਚੁੱਪ ਤੋੜੀ। ਮਾਲੀਵਾਲ ਨੇ ਇੰਸਟਾਗ੍ਰਾਮ 'ਤੇ ਲਿਖਿਆ, ਮੇਰੇ ਨਾਲ ਜੋ ਹੋਇਆ ਉਹ ਬਹੁਤ ਮਾੜਾ ਸੀ। ਮੇਰੇ ਨਾਲ ਜੋ ਹੋਇਆ, ਉਸ ਬਾਰੇ ਮੈਂ ਪੁਲਿਸ ਨੂੰ ਆਪਣਾ ਬਿਆਨ ਦੇ ਦਿੱਤਾ ਹੈ। ਮੈਨੂੰ ਉਮੀਦ ਹੈ ਕਿ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਪਿਛਲੇ ਕੁਝ ਦਿਨ ਮੇਰੇ ਲਈ ਬਹੁਤ ਮੁਸ਼ਕਲ ਰਹੇ ਹਨ। ਜਿਨ੍ਹਾਂ ਨੇ ਮੇਰੇ ਲਈ ਪ੍ਰਾਰਥਨਾ ਕੀਤੀ।

ਮਾਲੀਵਾਲ ਨੇ ਕਿਹਾ, ਜਿਨ੍ਹਾਂ ਲੋਕਾਂ ਨੇ ਮੇਰੇ ਚਰਿੱਤਰ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਇਹ ਕਹਿੰਦੇ ਹੋਏ ਕਿ ਉਹ ਦੂਜੀ ਧਿਰ ਦੇ ਨਿਰਦੇਸ਼ਾਂ 'ਤੇ ਅਜਿਹਾ ਕਰ ਰਹੀ ਹੈ, ਰੱਬ ਉਨ੍ਹਾਂ ਦਾ ਵੀ ਭਲਾ ਕਰੇ, ਮਾਲੀਵਾਲ ਨੇ ਕਿਹਾ।

ਮਾਲੀਵਾਲ ਧਾਰਾ 164 ਤਹਿਤ ਮੈਜਿਸਟ੍ਰੇਟ ਸਾਹਮਣੇ ਆਪਣਾ ਬਿਆਨ ਦਰਜ ਕਰਵਾਏਗਾ।

ਸੰਸਦ ਮੈਂਬਰ ਨੇ ਦੋਸ਼ ਲਾਇਆ ਕਿ ਉਸ ਨੇ ਕੇਜਰੀਵਾਲ ਦੇ ਘਰ ਤੋਂ ਵਾਰ-ਵਾਰ ਪੁਲਸ ਨੂੰ ਫੋਨ ਕਰਕੇ ਦੱਸਿਆ ਕਿ ਮੁੱਖ ਮੰਤਰੀ ਦੇ ਨਿੱਜੀ ਸਹਾਇਕ ਨੇ ਉਸ ਨਾਲ ਕੁੱਟਮਾਰ ਕੀਤੀ ਹੈ, ਜਿਸ ਤੋਂ ਬਾਅਦ ਦੋ ਦਿਨਾਂ ਤੱਕ ਉਸ ਨਾਲ ਸੰਪਰਕ ਨਹੀਂ ਹੋ ਸਕਿਆ। ਉਹ ਸਿਵਲ ਲਾਈਨ ਥਾਣੇ ਗਈ, ਪਰ ਕੋਈ ਅਧਿਕਾਰਤ ਸ਼ਿਕਾਇਤ ਦਰਜ ਨਹੀਂ ਕਰਵਾਈ।

# ਡਾਕਟਰ ਦਾ ਕਾਰਨਾਮਾ ਪੜ੍ਹ ਕੇ ਹੋਵੋਗੇ ਹੈਰਾਨ, ਚਾਰ ਸਾਲ ਦੀ ਬੱਚੀ ਨਾਲ ਕੀਤਾ ਇਹ ਕੰਮ



ਕੇਰਲ, ਲੋਕ ਬਾਣੀ ਨਿਊਜ਼: ਕੇਰਲ ਤੋਂ ਇਕ ਡਾਕਟਰ ਦੀ ਲਾਪਰਵਾਹੀ ਦਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ, ਕੇਰਲ ਦੇ ਕੋਝੀਕੋਡ ਮੈਡੀਕਲ ਕਾਲਜ ਦੇ ਡਾਕਟਰ ਨੇ ਚਾਰ ਸਾਲ ਦੀ ਬੱਚੀ ਦੀ ਉਂਗਲੀ ਦਾ ਆਪਰੇਸ਼ਨ ਕਰਨਾ ਸੀ ਪਰ ਲਾਪਰਵਾਹੀ ਕਾਰਨ ਡਾਕਟਰ ਨੇ ਬੱਚੀ ਦੀ ਜੀਭ ਦਾ ਆਪਰੇਸ਼ਨ ਕਰ ਦਿੱਤਾ। ਹਾਲਾਂਕਿ ਇਸ ਗਲਤੀ ਤੋਂ ਬਾਅਦ ਡਾਕਟਰ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

ਲੜਕੀ ਦੇ ਪਰਿਵਾਰ ਨੇ ਡਾਕਟਰ ਦੇ ਖਿਲਾਫ ਆਈਪੀਸੀ ਦੀ ਧਾਰਾ 336 (ਦੂਜਿਆਂ ਦੀ ਜਾਨ ਜਾਂ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣਾ) ਅਤੇ 337 (ਕਿਸੇ ਵੀ ਕੰਮ ਦੁਆਰਾ ਦੂਜਿਆਂ ਦੀ ਜਾਨ ਜਾਂ ਸੁਰੱਖਿਆ ਨੂੰ ਖ਼ਤਰਾ) ਦੇ ਤਹਿਤ ਸ਼ਿਕਾਇਤ ਦਰਜ ਕਰਵਾਈ ਹੈ।

ਸੂਬੇ ਦੀ ਸਿਹਤ ਮੰਤਰੀ ਵੀਨਾ ਜਾਰਜ ਨੇ ਐਸੋਸੀਏਟ ਪ੍ਰੋਫੈਸਰ ਡਾਕਟਰ ਬਿਜਨ ਜੌਨਸਨ ਨੂੰ ਮੁਅੱਤਲ ਕਰ ਦਿੱਤਾ ਹੈ। ਪਰਿਵਾਰ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਨੇ ਲੜਕੀ ਦੀ ਛੇਵੀਂ ਉਂਗਲ ਕੱਢਣੀ ਸੀ ਪਰ ਜਦੋਂ ਡਾਕਟਰ ਨੇ ਉਂਗਲੀ ਦੀ ਥਾਂ 'ਤੇ ਜੀਭ ਦਾ ਆਪ੍ਰੇਸ਼ਨ ਕਰਕੇ ਬਾਹਰ ਕੱਢਿਆ ਤਾਂ ਉਹ ਹੈਰਾਨ ਰਹਿ ਗਏ।

ਜਦੋਂ ਪੁੱਛਗਿੱਛ ਕੀਤੀ ਗਈ ਤਾਂ ਹਸਪਤਾਲ ਦੇ ਅਧਿਕਾਰੀਆਂ ਨੇ ਕਿਹਾ ਕਿ ਡਾਕਟਰ ਨੇ ਲੜਕੀ ਦੀ ਜੀਭ 'ਤੇ ਇੱਕ ਗੱਠ ਦੇਖੀ, ਜਿਸ ਤੋਂ ਬਾਅਦ ਉਸ ਨੇ ਆਪ੍ਰੇਸ਼ਨ ਕੀਤਾ। ਪਰ, ਲੜਕੀ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜਿਹੀ ਕੋਈ ਸਮੱਸਿਆ ਨਹੀਂ ਸੀ। ਉਨ੍ਹਾਂ ਡਾਕਟਰ ਦੀ ਇਸ ਕਾਰਵਾਈ ਨੂੰ ਸ਼ਰਮਨਾਕ ਦੱਸਿਆ।

## ਪੰਜਾਬ 'ਚ ਟੁੱਟਿਆ 20 ਸਾਲ ਦਾ ਰਿਕਾਰਡ, 13 ਸੀਟਾਂ ਲਈ ਇੰਨੇ ਉਮੀਦਵਾਰਾਂ ਨੇ ਭਰੇ ਨਾਮਜ਼ਦਗੀ ਪੱਤਰ



ਪੰਜਾਬ (ਲੋਕ ਬਾਣੀ): ਚੋਣ ਕਮਿਸ਼ਨ ਨੇ ਸੂਬੇ ਵਿੱਚ ਲੋਕ ਸਭਾ ਚੋਣਾਂ 2024 ਦੇ ਅੰਕੜੇ ਜਾਰੀ ਕਰ ਦਿੱਤੇ ਹਨ, ਜਿਸ ਵਿੱਚ ਉਮੀਦਵਾਰਾਂ ਨੇ ਪਿਛਲੇ 20 ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਜਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ 7 ਤੋਂ 14 ਮਈ ਤੱਕ 7ਵੇਂ ਪੜਾਅ ਦੀਆਂ ਚੋਣਾਂ ਲਈ 466 ਉਮੀਦਵਾਰਾਂ ਨੇ 598 ਨਾਮਜ਼ਦਗੀਆਂ ਦਾਖ਼ਲ ਕੀਤੀਆਂ ਹਨ। ਦੱਸ ਦੇਈਏ ਕਿ 15-16 ਮਈ ਨੂੰ ਕੁੱਲ 111 ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਰੱਦ ਕਰ ਦਿੱਤੀਆਂ ਗਈਆਂ ਸਨ ਜਦਕਿ 6 ਉਮੀਦਵਾਰਾਂ ਨੇ ਆਪਣੇ ਨਾਂ ਵਾਪਸ ਲੈ ਲਏ ਸਨ। ਹੁਣ ਪੰਜਾਬ ਦੀਆਂ 13 ਸੀਟਾਂ 'ਤੇ 349 ਉਮੀਦਵਾਰ ਚੋਣ ਲੜ ਰਹੇ ਹਨ।

ਅੱਜ ਸ਼ੁੱਕਰਵਾਰ ਯਾਨੀ 17 ਮਈ ਨੂੰ ਬਾਅਦ ਦੁਪਹਿਰ 3 ਵਜੇ ਤੱਕ ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਤਰੀਕ ਸੀ। ਹੁਣ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਵੰਡੇ ਜਾਣਗੇ। ਇਸ ਦੇ ਨਾਲ ਹੀ ਉਮੀਦ ਜਤਾਈ ਜਾ ਰਹੀ ਹੈ ਕਿ ਇਸ ਤੋਂ ਬਾਅਦ ਚੋਣ ਮਾਹੌਲ ਗਰਮਾ ਜਾਵੇਗਾ। ਭਾਜਪਾ ਅਤੇ ਕਾਂਗਰਸ ਦੇ ਸੀਨੀਅਰ ਆਗੂ ਆਉਣ ਵਾਲੇ ਦਿਨਾਂ 'ਚ ਪੰਜਾਬ ਦੇ ਦੌਰੇ 'ਤੇ ਹੋਣਗੇ।

# ਘਰ ਦੇ ਕਮਰੇ 'ਚ ਬੰਦ ਕਰ ਕੁੱਟ-ਕੁੱਟ ਕਤਲ ਕਰ 'ਤਾ ਵਿਅਕਤੀ, ਫੈਲੀ ਸਨਸਨੀ



ਫਾਜ਼ਿਲਕਾ - ਫਾਜ਼ਿਲਕਾ ਦੇ ਪਿੰਡ ਘਟਿਆਂਵਾਲੀ ਜੱਟਾਂ 'ਚ ਇਕ ਵਿਅਕਤੀ ਨੂੰ ਕਮਰੇ 'ਚ ਬੰਦ ਕਰਕੇ ਕੁੱਟ-ਕੁੱਟ ਕੇ ਉਸ ਦਾ ਕਤਲ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲਸ ਨੇ ਚਾਰ ਲੋਕਾਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਦਿੱਤਾ। ਇਸ ਤੋਂ ਬਾਅਦ ਪੁਲਸ ਨੇ ਵਿਅਕਤੀ ਦਾ ਕਤਲ ਕੀਤੇ ਜਾਣ ਦੀ ਅਸਰ ਵਜ੍ਹਾ ਦਾ ਪਤਾ ਲਗਾਉਣ ਲਈ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ।

ਥਾਣਾ ਅਰਨੀਵਾਲਾ ਦੇ ਐੱਸ.ਐੱਚ.ਓ ਇੰਸਪੈਕਟਰ ਤਰਸੇਮ ਸ਼ਰਮਾ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮ੍ਰਿਤਕ ਸੰਦੀਪ ਕੁਮਾਰ ਪਿੰਡ ਦੁਤਾਰਾਂਵਾਲੀ ਦਾ ਰਹਿਣ ਵਾਲਾ ਸੀ। ਉਹਨਾਂ ਨੇ ਮ੍ਰਿਤਕ ਦੇ ਭਰਾ ਸੁਧੀਰ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕਰ ਦਿੱਤਾ ਹੈ। ਪੁਲਸ ਦਾ ਕਹਿਣਾ ਹੈ ਕਿ 9 ਮਈ 2024 ਨੂੰ ਪਿੰਡ ਇਸਲਾਮਵਾਲਾ ਵਿਖੇ ਪੰਪ ਦਾ ਕੰਮ ਕਰਨ ਵਾਲਾ ਮ੍ਰਿਤਕ ਸੰਦੀਪ ਕੁਮਾਰ ਪੰਪ 'ਤੇ ਮੌਜੂਦ ਸੀ। ਉਸ ਦੇ ਦੋਸਤ ਦਾ ਦੋਸਤ ਗੁਰਭੇਜ ਸਿੰਘ ਵਾਸੀ ਮਾਹੂਆਣਾ ਬੋਦਲਾ ਉਸ ਨੂੰ ਪੰਪ 'ਤੇ ਆ ਕੇ ਕਹਿਣ ਲੱਗਾ ਕਿ ਉਸ ਨੇ ਕਿਸੇ ਕੰਮ ਲਈ ਪਿੰਡ ਘਟਿਆਂਵਾਲੀ ਜਾਣਾ ਹੈ। ਉਹ ਉਸ ਨੂੰ ਪਿੰਡ ਛੱਡ ਕੇ ਆਵੇ।

ਇਸ ਤੋਂ ਬਾਅਦ ਸੰਦੀਪ ਕੁਮਾਰ ਅਤੇ ਗੁਰਭੇਜ ਸਿੰਘ ਅਲਟੋ ਕਾਰ ਵਿਚ ਸਵਾਰ ਹੋ ਕੇ ਪਿੰਡ ਘਟਿਆਂਵਾਲੀ ਚਲੇ ਗਏ। ਕਾਰ ਗੁਰਭੇਜ ਚਲਾ ਰਿਹਾ ਸੀ, ਜਦਕਿ ਮ੍ਰਿਤਕ ਸੰਦੀਪ ਕੰਡਕਟਰ ਵਾਲੀ ਸੀਟ 'ਤੇ ਬੈਠਾ ਸੀ। ਜਦੋਂ ਉਹ ਪਿੰਡ ਘਟਿਆਂਵਾਲੀ ਜੱਟਾਂ ਪਹੁੰਚੇ ਤਾਂ ਮਨਜੀਤ ਸਿੰਘ ਤੇ ਹੋਰ ਲੋਕਾਂ ਨੇ ਕਾਰ ਨੂੰ ਰੋਕ ਲਿਆ ਅਤੇ ਸੰਦੀਪ ਨੂੰ ਬਾਹਰ ਕੱਢ ਕੇ ਆਪਣੇ ਨਾਲ ਘਰ ਲੈ ਗਏ। ਉਹਨਾਂ ਨੇ ਘਰ ਦੇ ਕਮਰੇ 'ਚ ਬੰਦ ਕਰਕੇ ਸੰਦੀਪ ਦੀ ਬੇਰਹਿਮੀ ਨਾਲ ਕੁੱਟ-ਮਾਰ ਕੀਤੀ, ਜਿਸ ਦੀ ਹਾਲਤ ਗੰਭੀਰ ਹੋਣ ਕਾਰਨ ਇਲਾਜ ਦੌਰਾਨ ਹਸਪਤਾਲ ਵਿਚ ਮੌਤ ਹੋ ਗਈ।




## ਸਕੂਲ ਪੱਧਰ ਤੇ ਅੱਠਵੀਂ ਦਸਵੀਂ ਅਤੇ ਬਾਰਵੀਂ ਜਮਾਤ ਪਹਿਲੇ, ਦੂਸਰੇ ਤੇ ਤੀਸਰੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਕੀਤਾ ਸਨਮਾਨਿਤ

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਅਟਾਰੀ ਵਿਖੇ ਅੱਠਵੀਂ, ਦਸਵੀਂ ਅਤੇ ਬਾਰਵੀਂ ਦੀਆਂ ਬੋਰਡ ਦੀਆਂ ਪ੍ਰੀਖਿਆ ਵਿੱਚ ਸਕੂਲ ਪੱਧਰ ਤੇ ਪਹਿਲੇ ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਦਾ ਅੱਜ ਜਿੱਥੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਉੱਥੇ ਹੀ ਉਹਨਾਂ ਨੂੰ ਨਗਦ ਰਾਸ਼ੀ ਵੀ ਦਿੱਤੀ ਗਈ।

ਅੱਜ ਦੇ ਸਨਮਾਨ ਸਮਾਰੋਹ ਦੇ ਬਾਰੇ ਲੈਕਚਰਾਰ ਸਤਿੰਦਰ ਕੌਰ ਨੇ ਦੱਸਿਆ ਕਿ ਅੱਠਵੀਂ ਜਮਾਤ ਦੀ ਜੈਸਮੀਨ ਜੱਸੀ, ਰਵਨੀਤ ਕੌਰ ,ਮਨਦੀਪ ਕੌਰ , ਦਸਵੀਂ ਜਮਾਤ ਦੇ ਪ੍ਰਦੀਪ ਕੁਮਾਰ, ਗੁਰਜੀਤ ਸਿੰਘ ,ਅਦਿੱਤੀ ਸ਼ਰਮਾ ਜਦ ਕੇ ਬਾਰਵੀਂ ਜਮਾਤ ਦੀ ਸਾਨੀਆ, ਸੋਨੀਆ ਦੇਵੀ ਅਤੇ ਅਰੁਣ ਕੁਮਾਰ ਕਰਮਵਾਰ ਪਹਿਲੇ ਦੂਸਰੇ ਸੇ ਤੀਸਰੇ ਸਥਾਨ ਤੇ ਰਹਿਣ ਵਾਲਿਆ ਨੂੰ ਮੋਮੈਂਟੋ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਰਮਿੰਦਰ ਵਿਸ਼ਿਸ਼ਟ, ਵਰਿੰਦਰ ਪਾਲ ਸਿੰਘ ,ਅਮਰਜੀਤ ਪਾਲ ਸਿੰਘ, ਮਨੀਸ਼ ਕੁਮਾਰ ਮਨਪ੍ਰੀਤ ਸਿੰਘ ਚਰਨ ਸਿੰਘ ਕਮਲਜੀਤ ਕੌਰ ਅਤੇ ਪਰਮਿੰਦਰ ਕੌਰ ਆਦਿ ਸਟਾਫ ਹਾਜ਼ਰ ਸੀ।

# ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਦੀਆਂ ਅਸਥੀਆਂ ਗੁਰਦੁਅਰਾ ਪਤਾਲਪੁਰੀ ਸਾਹਿਬ ਵਿਖੇ ਜਲ ਪ੍ਰਵਾਹ

### ਪਰਿਵਾਰਕ ਮੈਂਬਰਾਂ ਨੇ ਪਾਤਰ ਸਾਹਿਬ ਦੀਆਂ ਯਾਦਾ ਕੀਤੀਆ ਸਾਝੀਆਂ




ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਦੀਆਂ ਅਸਥੀਆਂ ਅੱਜ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਜਲ ਪ੍ਰਵਾਹ ਕਰ ਦਿੱਤੀਆਂ ਗਈਆਂ। ਇਸ ਮੌਕੇ ਪਰਿਵਾਰਕ ਮੈਂਬਰਾਂ ਵਿੱਚ ਸਰਦਾਰਨੀ ਭੁਪਿੰਦਰ ਕੌਰ ਧਰਮ ਪਤਨੀ, ਮਨਰਾਜ ਪਾਤਰ ਪੁੱਤਰ, ਅੰਕੁਰ ਪਾਤਰ ਪੁੱਤਰ, ਮਨਰੀਤ ਨੂੰਹ, ਅਵੀਰ ਸਿੰਘ ਪੋਤਰਾ, ਉਪਕਾਰ ਸਿੰਘ ਭਰਾ, ਦਲਵੀਰ ਕੌਰ ਭੈਣ ਮੋਜੂਦ ਸਨ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਵਿੰਦਰ ਸਿੰਘ ਜੋਹਲ ਰਿਜਨਲ ਟ੍ਰਾਸਪੋਰਟ ਅਥਾਰਟੀ ਰੂਪਨਗਰ, ਭੁਪਿੰਦਰ ਸਿੰਘ ਚਾਨਾ ਨਿਗਰਾਨ ਇੰਜੀਨਿਅਰ ਸੱਭਿਅਚਾਰਕ ਮਾਮਲੇ ਵਿਭਾਗ, ਸੰਦੀਪ ਕੁਮਾਰ ਤਹਿਸੀਲਦਾਰ, ਅਰਾਧਨਾ ਖੋਸਲਾ ਨਾਇਬ ਤਹਿਸੀਲਦਾਰ ਵੀ ਮੋਜੂਦ ਸਨ।

ਪਰਿਵਾਰਕ ਮੈਂਬਰਾਂ ਨੇ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਦਾ ਲੰਗਰ ਵੀ ਛਕਿਆਂ। ਇਸ ਮੌਕੇ ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਦੇ ਪੁੱਤਰਾਂ ਮਨਰਾਜ ਪਾਤਰ, ਅੰਕੁਰ ਪਾਤਰ ਨੇ ਯਾਦਾ ਸਾਝੇ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਇੱਕ ਕਿਤਾਬ ਜਲਦੀ ਹੀ ਆਵੇਗੀ, ਜਿਸ ਵਿੱਚ ਉਨ੍ਹਾਂ ਦੀਆਂ ਰਚਨਾਵਾ ਦਾ ਸੰਗ੍ਰਹਿ ਹੋਵੇਗਾ, ਉਨ੍ਹਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਿਸ ਨੇ ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਜੀ ਨੂੰ ਬਹੁਤ ਮਾਨ ਸਨਮਾਨ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਸੀ ਸਮੁੱਚੀ ਲੋਕਾਈ ਦੇ ਧੰਨਵਾਦੀ ਹਾਂ, ਜਿਸ ਨੇ ਸਾਨੂੰ ਇਹ ਅਸਹਿ ਤੇ ਅਕਹਿ ਘਾਟਾ ਸਹਿਣ ਕਰਨ ਦਾ ਬੱਲ ਬਖਸ਼ਣ ਲਈ ਪ੍ਰਮਾਤਮਾ ਕੋਲ ਅਰਦਾਸ ਕੀਤੀ ਹੈ। ਪੰਜਾਬੀਆਂ ਨੇ ਜੋ ਮਾਨ ਸਨਮਾਨ ਤੇ ਪਿਆਰ ਸਾਡੇ ਪਰਿਵਾਰ ਨੂੰ ਦਿੱਤਾ ਹੈ, ਉਸ ਦੇ ਲਈ ਅਸੀ ਸਦਾ ਰਿਣੀ ਰਹਾਂਗੇ। ਉਨ੍ਹਾਂ ਨੇ ਦੱਸਿਆ ਕਿ ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਜੀ ਲਈ 20 ਮਈ ਦਿਨ ਸੋਮਵਾਰ ਨੂੰ 11 ਤੋ 1 ਵਜੇ ਤੱਕ ਗੁਰਦੁਆਰਾ ਮਾਈ ਬਿਸ਼ਨ ਕੌਰ ਆਸ਼ਾਪੁਰੀ ਲੁਧਿਆਣਾ ਵਿਖੇ ਸ਼ਾਤ ਪਾਠ ਕਰਵਾਇਆ ਜਾਵੇਗਾ।

# ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ ਵਿਖੇ ਨਿਵੇਕਲੇ ਢੰਗ ਨਾਲ ਮਨਾਇਆ ਗਿਆ ਵਿਸ਼ਵ ਮਾਂ ਦਿਵਸ

### ਕੁਕਿੰਗ ਵਰਕਸ਼ਾਪ, ਨਾਟਕ ਦੀ ਪੇਸ਼ਕਸ਼, ਆਰਟ ਕਰਾਫਟ ਐਕਟੀਵਿਟੀਜ਼ ਅਤੇ ਰਚਨਾਤਮਕ ਕਲਾਵਾਂ ਦੇ ਮੁਕਾਬਲੇ ਕਰਵਾਏ




ਸ੍ਰੀ ਅਨੰਦਪੁਰ ਸਾਹਿਬ, – (ਦਵਿੰਦਰਪਾਲ ਸਿੰਘ): ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵਿਸ਼ਵ ਮਾਂ ਦਿਵਸ ਸਕੂਲ ਵਿਚ ਮਨਾਇਆ ਗਿਆ ਜੋ ਕਿ ਅਮਿੱਟ ਯਾਦਾਂ ਛੱਡਦਾ ਸੰਪੰਨ ਹੋਇਆ। ਸਕੂਲ ਦੇ ਸਾਰੇ ਵਿਦਿਆਰਥੀਆਂ ਵੱਲੋਂ ਅਲੱਗ ਅਲੱਗ ਮੁਕਾਬਲਿਆਂ ਅਤੇ ਗਤੀਵਿਧੀਆਂ ਵਿਚ ਹਿੱਸਾ ਲਿਆ ਗਿਆ। ਸਭ ਤੋਂ ਪਹਿਲਾਂ ਸਕੂਲ ਦੇ ਵਿਦਿਆਰਥੀਆਂ ਨੂੰ ਸ੍ਰੀ ਚਮਕੌਰ ਸਾਹਿਬ ਵਿਖੇ ਸਥਿਤ ਮਾਤਾ ਸਤਿਆ ਦੇਵੀ ਮੈਮੋਰੀਅਲ਼ ਸੀਨਿਅਰ ਸਿਟਿਜ਼ਨ ਹੋਮ ਵਿਚ ਲੈ ਕੇ ਜਾਇਆ ਗਿਆ ਜਿਥੇ ਸੰਸਥਾ ਦੇ ਚੇਅਰਮੈਨ ਪ੍ਰੋ. ਆਰ.ਸੀ.ਢੰਡ ਅਤੇ ਹੋਰ ਪ੍ਰਬੰਧਕਾਂ ਵੱਲੋਂ ਸਕੂਲ਼ ਦੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਓਵਰਸੀਜ਼ ਡਾਇਰੈਕਟਰ ਸ. ਇੰਦਰਪਾਲ ਸਿੰਘ ਚੱਡਾ ਜੀ ਰੋਪੜ ਵੱਲੋਂ ਇਸ ਮਿਲਣੀ ਦਾ ਪ੍ਰਬੰਧ ਕੀਤਾ ਗਿਆ ਸੀ ਤਾਂ ਜੋ ਵਿਦਿਆਰਥੀ ਬਜ਼ੁਰਗ ਮਾਵਾਂ ਨਾਲ ਸਮਾਂ ਬਿਤਾ ਸਕਣ ਅਤੇ ਉਨ੍ਹਾਂ ਤੋਂ ਜ਼ਿੰਦਗੀ ਦੀ ਸੇਧ ਲੈ ਸਕਣ। ਸਕੂਲ ਦੇ ਵਿਦਿਆਰਥੀਆਂ ਵੱਲੋਂ ਸਾਰੇ ਬਜ਼ੁਰਗਾਂ ਨੂੰ ਵਿਸ਼ੇਸ਼ ਤੋਹਫੇ ਦਿੱਤੇ ਅਤੇ ਨਾਲ ਹੀ ਉਨ੍ਹਾਂ ਸਾਹਮਣੇ ਇਕ ਨਾਟਕ ਪੇਸ਼ ਕੀਤਾ ਜੋ ਕਿ ਮਾਂ ਦੇ ਪਿਆਰ ਤੇ ਅਧਾਰਤ ਸੀ। ਇਸਦੇ ਨਾਲ ਹੀ ਵਿਦਿਆਰਥੀਆਂ ਨੇ ਦਾਸਤਾਨ-ਏ-ਸ਼ਹਾਦਤ ਦੇ ਵੀ ਦਰਸ਼ਨ ਕੀਤੇ। ਇਸਤੋਂ ਬਾਦ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਫਿਲਮ ਇੰਡਸਟਰੀ ਦੇ ਬਹੁਚਰਚਿਤ ਕਲਾਕਾਰ ਬਲਵਿੰਦਰ ਬੁਲੇਟ ਵੱਲੋਂ ਮਾਂ ਦੇ ਪਿਆਰ ਤੇ ਤਿਆਰ ਕਰਵਾਇਆ ਗਿਆ ਨਾਟਕ ਪੇਸ਼ ਕੀਤਾ ਗਿਆ ਜੋ ਕਿ ਸਕੂਲ ਦੇ ਸਾਰੇ ਹੀ ਵਿਦਿਆਰਥੀਆਂ ਨੂੰ ਬਹੁਤ ਚੰਗਾ ਸੁਨੇਹਾ ਦੇ ਗਿਆ। ਇਸਤੋਂ ਬਾਦ ਦਿੱਲੀ ਤੋਂ ਵਿਸ਼ੇਸ਼ ਤੌਰ ਤੇ ਵਿਸ਼ਵ ਪ੍ਰਸਿੱਧ ਸ਼ੈਫ ਮੀਤ ਸਿੰਘ ਮਲਹੋਤਰਾ ਵੱਲੋਂ ਵਿਦਿਆਰਥੀਆਂ ਦੀ ਇਨੋਵੇਟਿਵ ਅਤੇ ਨੈਚੂਰਲ ਕੁਕਿੰਗ ਵਿਸ਼ੇ ਤੇ ਵਰਕਸ਼ਾਪ ਲਗਾਈ ਗਈ ਜਿਸ ਵਿਚ ਉਨ੍ਹਾਂ ਨੇ ਪੈਨਕੇਕ ਵਿਧ ਫ੍ਰੈਸ਼ ਐਪਰੀਕੋਟ ਕੰਪੋਤ, ਮਲਬੱਰੀ ਲੇਵੈਂਡਰ ਜੈਮ ਅਤੇ ਆਮਪੰਨਾ ਬਨਾਉਣਾ ਸਿਖਾਇਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿਖਾਇਆ ਕਿ ਕਿਵੇਂ ਅਸੀਂ ਬਿਨਾਂ ਕਿਸੇ ਕੈਮਿਕਲ ਦੀ ਵਰਤੋਂ ਤੇ ਆਪਣੇ ਬਾਗ ਵਿਚ ਉਪਲਭਧ ਵਸਤੂਆਂ ਨਾਲ ਬਹੁਤ ਹੀ ਰਚਨਾਤਮਕ ਖਾਣਾ ਬਣਾ ਸਕਦੇ ਹਾਂ। ਉਨ੍ਹਾਂ ਨੇ ਹੋਟਲ ਮੈਨੇਜਮੈਂਟ ਦੇ ਕੋਰਸ ਬਾਰੇ ਵੀ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨਾਲ ਵਿਸ਼ੇਸ਼ ਤੌਰ ਤੇ ਉਨ੍ਹਾਂ ਦੀ ਪਤਨੀ ਅਕਸ਼ੀਤਾ ਵੀ ਮੌਜੂਦ ਸੀ ਜੋ ਆਪ ਵੀ ਇਕ ਬਹੁਤ ਵੱਡੀ ਡਰਿਕਸ ਦੀ ਫੈਕਟਰੀ ਚਲਾ ਰਹੇ ਹਨ। ਇਸਦੇ ਨਾਲ ਹੀ ਸਕੂਲ ਦੀਆਂ ਛੋਟੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਆਰਟ ਅਤੇ ਕਰਾਫਟ ਦੀਆਂ ਐਕਟੀਵਿਟੀਜ਼ ਨਾਲ ਆਪਣੀਆਂ ਮਾਵਾਂ ਲਈ ਤੋਹਫੇ ਤਿਆਰ ਕੀਤੇਅਤੇ ਸੰਦੇਸ਼ ਭਰੀਆਂ ਵੀਡੀਓਜ਼ ਤਿਆਰ ਕੀਤੀਆਂ। ਇਸਦੇ ਨਾਲ ਸਕੂਲ ਵੱਲੋਂ ਵਿਦਿਆਰਥੀਆਂ ਦੇ ਮਾਵਾਂ ਦੇ ਵਿਸ਼ੇ ਤੇ ਰਚਨਾਤਮਕ ਕਲਾਵਾਂ ਦੇ ਮੁਕਾਬਲੇ ਕਰਵਾਏ ਗਏ ਜਿਸ ਵਿਚ ਮਾਵਾਂ ਨੂੰ ਸਮਰਪਿਤ ਸਪੀਚ ਮੁਕਾਬਲੇ, ←ਲ਼ਖਤ ਮੁਕਾਬਲੇ ਅਤੇ ਵਾਸ ਮੇਕਿੰਗ ਮੁਕਾਬਲੇ ਕਰਵਾਏ ਗਏ ਜਿਸ ਵਿਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣੀ ਕਲਾ ਦਾ ਬਖੂਬੀ ਪ੍ਰਦਰਸ਼ਨ ਕੀਤਾ। ਸਕੂਲ ਦੇ ਡਾਇਰੈਕਟਰ ਡਾ. ਅਮਿਤੋਜ ਸਿੰਘ ਵੱਲੋਂ ਜਿਥੇ ਸਾਰੇ ਹੀ ਪੁੱਜੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਉਥੇ ਹੀ ਜੀਵਨ ਵਿਚ ਮਾਵਾਂ ਦੀ ਮਹੱਤਤਾ ਅਤੇ ਉਨ੍ਹਾਂ ਦੀ ਸੇਵਾ ਕਰਨ ਤੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ।

# ਪੰਜਾਬ 'ਚ 13 ਹਜ਼ਾਰ ਸੰਵੇਦਨਸ਼ੀਲ ਪੋਲਿੰਗ ਬੂਥਾਂ ਦੀ ਸ਼ਨਾਖ਼ਤ, ਸੁਰੱਖਿਆ ਦੇ ਕੀਤੇ ਪੁੱਖਤਾ ਪ੍ਰਬੰਧ - ਅਰਪਿਤ ਸ਼ੁਕਲਾ

## ਸਪੈਸ਼ਲ ਡੀ.ਜੀ.ਪੀ. (ਲਾਅ ਐਂਡ ਆਰਡਰ) ਵੱਲੋਂ ਚੋਣਾਂ ਸਬੰਧੀ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਮੀਟਿੰਗ

## ਕਿਹਾ! ਪੁਲਿਸ ਪ੍ਰਸ਼ਾਸ਼ਨ ਚੋਣਾਂ ਦੌਰਾਨ ਸੂਬੇ 'ਚ ਕਾਨੂੰਨ ਵਿਵਸਥਾ ਕਾਇਮ ਰੱਖਣ ਲਈ ਵਚਨਬੱਧ ਹੈ




ਲੁਧਿਆਣਾ, (ਸੁਖਚੈਨ ਮਹਿਰਾ) - ਪੁਲਿਸ ਪ੍ਰਸ਼ਾਸ਼ਨ ਸੂਬੇ ਵਿੱਚ ਲੋਕ ਸਭਾ ਚੋਣਾਂ-2024 ਨੂੰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਵੱਖ-ਵੱਖ ਲੋਕ ਸਭਾ ਹਲਕਿਆਂ ਵਿੱਚ ਕਰੀਬ 13 ਹਜ਼ਾਰ ਸੰਵੇਦਨਸ਼ੀਲ ਪੋਲਿੰਗ ਬੂਥਾਂ ਦੀ ਸ਼ਨਾਖ਼ਤ ਕਰਦਿਆਂ ਸੁਰੱਖਿਆ ਦੇ ਪੁੱਖਤਾ ਪ੍ਰਬੰਧ ਕੀਤੇ ਗਏ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਪੈਸ਼ਲ ਡੀ.ਜੀ.ਪੀ. (ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ, ਆਈ.ਪੀ.ਐਸ. ਵੱਲੋਂ ਸਥਾਨਕ ਦਫ਼ਤਰ ਪੁਲਿਸ ਕਮਿਸ਼ਨਰ ਲੁਧਿਆਣਾ ਵਿਖੇ ਪੱਤਰਕਾਰਾਂ ਨਾਲ ਚੋਣਾਂ ਸਬੰਧੀ ਪ੍ਰੈਸ ਕਾਨਫਰੰਸ ਦੌਰਾਨ ਕੀਤਾ।

ਇਸ ਮੌਕੇ ਉਨ੍ਹਾਂ ਦੇ ਨਾਲ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ, ਆਈ.ਪੀ.ਐਸ., ਐਸ.ਐਸ.ਪੀਜ਼ ਅਮਨੀਤ ਕੌਂਡਲ ਅਤੇ ਨਵਨੀਤ ਸਿੰਘ ਬੈਂਸ ਤੋਂ ਇਲਾਵਾ ਪੁਲਿਸ ਪ੍ਰਸ਼ਾਸ਼ਨ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਪੱਤਰਕਾਰਾਂ ਦੇ ਸੁਆਲ ਦਾ ਜੁਆਬ ਦਿੰਦਿਆਂ ਉਨ੍ਹਾਂ ਦੱਸਿਆ ਕਿ ਸੂਬੇ ਭਰ ਵਿੱਚ 13 ਹਜ਼ਾਰ ਦੇ ਕਰੀਬ ਸੰਵੇਦਨਸ਼ੀਲ ਪੋਲਿੰਗ ਸਟੇਸ਼ਨ ਹਨ ਜਿੱਥੇ ਸੁਰੱਖਿਆ ਦੇ ਪੁੱਖਤਾ ਪ੍ਰਬੰਧ ਕੀਤੇ ਜਾ ਰਹੇ ਹਨ। ਲੋਕਾਂ ਵਿੱਚ ਵਿਸ਼ਵਾਸ਼ ਪੈਦਾ ਕਰਨ ਲਈ ਫਲੈਗ ਮਾਰਚ ਤੋਂ ਇਲਾਵਾ ਵੱਖ-ਵੱਖ ਸਵੀਪ ਗਤੀਵਿਧੀਆਂ ਵੀ ਜਾਰੀ ਹਨ। ਉਨ੍ਹਾਂ ਦੱਸਿਆ ਕਿ ਸੂਬੇ ਭਰ ਵਿੱਚ ਕਰੀਬ 94 ਫੀਸਦ ਲਾਇਸੰਸੀ ਅਸਲਾ ਜਮ੍ਹਾਂ ਹੋ ਚੁੱਕਾ ਹੈ ਅਤੇ ਜ਼ਿਲ੍ਹਾ ਪੱਧਰ 'ਤੇ ਗਠਿਤ ਕਮੇਟੀਆਂ ਵੱਲੋਂ ਇਸ ਪ੍ਰਕਿਰਿਆ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

ਸਪੈਸ਼ਲ ਡੀ.ਜੀ.ਪੀ. (ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ, ਆਈ.ਪੀ.ਐਸ. ਨੇ ਦੱਸਿਆ ਕਿ ਚੋਣਾਂ ਸਬੰਧੀ ਵੱਖ-ਵੱਖ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਕਾਨੂੰਨ ਵਿਵਸਥਾ ਨੂੰ ਹਰ ਹੀਲੇ ਕਾਇਮ ਰੱਖਣ 'ਤੇ ਜੋਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਪ੍ਰਸ਼ਾਸ਼ਨ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਸਪੈਸ਼ਲ ਓਪਰੇਸ਼ਨ ਵੀ ਚਲਾਏ ਜਾ ਰਹੇ ਹਨ ਜਿਨ੍ਹਾਂ ਦੇ ਕਾਰਜ਼ਾਂ ਬਾਰੇ ਵੀ ਸਮੀਖਿਆ ਕੀਤੀ ਗਈ।

ਉਨ੍ਹਾਂ ਅੱਗੇ ਦੱਸਿਆ ਕਿ ਪੁਲਿਸ ਪ੍ਰਸ਼ਾਸ਼ਨ ਵੱਲੋਂ ਜਿੱਥੇ ਲੋਕ ਸਭਾ ਚੋਣਾਂ-2024 ਲਈ ਵੱਖ-ਵੱਖ ਉਮੀਦਵਾਰਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਰਹੀ ਉੱਥੇ ਸਮਾਜ ਵਿਰੋਧੀ ਅਨਸਰਾਂ, ਗੈਂਗਸਟਰਾਂ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ ਖਿਲਾਫ ਵੀ ਵਿਸ਼ੇਸ਼ ਮੁਹਿਮ ਵਿੱਢੀ ਗਈ ਤਾਂ ਜੋ ਲੋਕਤੰਤਰ ਦੇ ਪਰਵ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਨਾਕਾਬੰਦੀ ਦੌਰਾਨ ਕਰੋੜਾਂ ਰੁਪਏ ਡਰੱਗ ਮਨੀ, ਸ਼ਰਾਬ, ਨਕਦੀ ਅਤੇ ਹੋਰ ਵਸਤਾਂ ਬਰਾਮਦ ਕਰਦਿਆਂ ਰਿਕਵਰੀ ਮਾਮਲੇ ਵਿੱਚ ਭਾਰਤ ਵਿੱਚੋਂ ਚੌਥਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸੂਬੇ ਵਿੱਚ ਪਹਿਲੀ ਜੂਨ ਨੂੰ ਵੋਟਾਂ ਪੈਣਗੀਆਂ ਜਿਸਦੇ ਤਹਿਤ ਚੌਕਸੀ ਹੋਰ ਵਧਾਈ ਗਈ ਹੈ।

ਸਪੈਸ਼ਲ ਡੀ.ਜੀ.ਪੀ. (ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ, ਆਈ.ਪੀ.ਐਸ. ਵੱਲੋਂ ਲੋਕ ਸਭਾ ਚੋਣਾਂ ਨੂੰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵੋਟਰਾਂ ਨੂੰ ਆਪਣੇ 'ਵੋਟ ਦੇ ਅਧਿਕਾਰ' ਦੀ ਵਰਤੋਂ ਕਰਨ ਦੀ ਵੀ ਅਪੀਲ ਕੀਤੀ।

# ਖਰਚਾ ਨਿਗਰਾਨਾਂ ਵੱਲੋਂ ਏਜੰਸੀਆਂ ਨੂੰ ਨਿਰਦੇਸ਼, ਨਿਰਪੱਖ, ਨਿਰਵਿਘਨ ਤੇ ਪਾਰਦਰਸ਼ੀ ਚੋਣਾਂ ਲਈ ਨਿਗਰਾਨ ਸੈਲ ਨਾਲ ਬਿਹਤਰ ਤਾਲਮੇਲ ਬਣਾਇਆ ਜਾਵੇ ਯਕੀਨੀ




ਲੁਧਿਆਣਾ, (ਸੁਖਚੈਨ ਮਹਿਰਾ) - ਭਾਰਤੀ ਚੋਣ ਕਮਿਸ਼ਨ ਵੱਲੋਂ ਲੁਧਿਆਣਾ ਸੰਸਦੀ ਹਲਕੇ ਲਈ ਤਾਇਨਾਤ ਕੀਤੇ ਗਏ ਖਰਚਾ ਨਿਗਰਾਨਾਂ ਵੱਲੋਂ ਵੱਖ-ਵੱਖ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਚੋਣਾਂ ਦੇ ਨਿਰਵਿਘਨ, ਨਿਰਪੱਖ ਅਤੇ ਪਾਰਦਰਸ਼ੀ ਆਯੋਜਨ ਨੂੰ ਯਕੀਨੀ ਬਣਾਉਣ ਲਈ ਏਜੰਸੀਆਂ ਦਰਮਿਆਨ ਬਿਹਤਰ ਤਾਲਮੇਲ ਦੀ ਲੋੜ 'ਤੇ ਜ਼ੋਰ ਦਿੱਤਾ।

ਖਰਚਾ ਨਿਗਰਾਨ ਪੰਕਜ ਕੁਮਾਰ, ਆਈ.ਆਰ.ਐਸ., ਅਤੇ ਚੇਤਨ ਡੀ ਕਲਮਕਾਰ, ਆਈ.ਆਰ.ਐਸ., ਨੇ ਚੋਣ ਸਮੇਂ ਦੌਰਾਨ ਵੱਖ-ਵੱਖ ਏਜੰਸੀਆਂ ਦੁਆਰਾ ਜ਼ਬਤੀਆਂ ਦੌਰਾਨ ਅਪਣਾਈ ਜਾਣ ਵਾਲੀ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ ਦਾ ਵੇਰਵਾ ਦਿੱਤਾ। ਉਨ੍ਹਾਂ ਸਾਰੀਆਂ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਖਰਚਾ ਨਿਗਰਾਨ ਸੈੱਲ ਨਾਲ ਤਾਲਮੇਲ ਕਰਕੇ ਕੰਮ ਕਰਨ ਅਤੇ ਸਾਰੀਆਂ ਜ਼ਬਤੀਆਂ ਬਾਰੇ ਤੁਰੰਤ ਜਾਣਕਾਰੀ ਦੇਣ।

ਅਬਜ਼ਰਵਰਾਂ ਨੇ ਚੋਣ ਸਮੇਂ ਦੌਰਾਨ ਸ਼ਰਾਬ ਦੀ ਢੋਆ-ਢੁਆਈ ਦੀ ਅਹਿਮ ਨਿਗਰਾਨੀ 'ਤੇ ਜੋਰ ਦਿੱਤਾ ਅਤੇ ਸਾਰੀਆਂ ਪ੍ਰਮੁੱਖ ਚੈਕ ਪੋਸਟਾਂ 'ਤੇ ਅਚਨਚੇਤ ਚੈਕਿੰਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਏਜੰਸੀਆਂ ਨੂੰ ਚੌਕਸ ਰਹਿਣ ਅਤੇ ਲੋੜ ਪੈਣ 'ਤੇ ਐਸ.ਐਸ.ਟੀ., ਵੀ.ਐਸ.ਟੀ. ਅਤੇ ਐਫ.ਐਸ.ਟੀ. ਦੀ ਵਰਤੋਂ ਕਰਨ ਲਈ ਵੀ ਕਿਹਾ। ਇਸ ਤੋਂ ਇਲਾਵਾ, ਉਹਨਾਂ ਚੋਣ ਦਫਤਰ ਨੂੰ ਇਹਨਾਂ ਟੀਮਾਂ ਦੇ ਵੇਰਵੇ ਅਤੇ ਉਹਨਾਂ ਦੀ ਗਤੀਵਿਧੀ ਦੀ ਯੋਜਨਾ ਨੂੰ ਰੋਜ਼ਾਨਾ ਏਜੰਸੀਆਂ ਨਾਲ ਸਾਂਝਾ ਕਰਨ ਲਈ ਕਿਹਾ।

ਅਬਜ਼ਰਵਰਾਂ ਨੇ ਕਮਿਸ਼ਨਰੇਟ ਪੁਲਿਸ, ਲੁਧਿਆਣਾ ਦਿਹਾਤੀ ਪੁਲਿਸ, ਰੇਲਵੇ ਪ੍ਰੋਟੈਕਸ਼ਨ ਫੋਰਸ, ਏਅਰਪੋਰਟ ਅਥਾਰਟੀਜ਼, ਇਨਕਮ ਟੈਕਸ ਵਿਭਾਗ, ਆਬਕਾਰੀ ਵਿਭਾਗ ਅਤੇ ਰੈਵੇਨਿਊ ਇੰਟੈਲੀਜੈਂਸ ਡਾਇਰੈਕਟੋਰੇਟ ਸਮੇਤ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਗਈ ਕਾਰਵਾਈ ਬਾਰੇ ਵੀ ਪੁੱਛਗਿੱਛ ਕੀਤੀ। ਉਨ੍ਹਾਂ ਏਜੰਸੀਆਂ ਨੂੰ ਅਪੀਲ ਕੀਤੀ ਕਿ ਉਹ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਜੋਸ਼ ਅਤੇ ਅਟੁੱਟ ਵਚਨਬੱਧਤਾ ਨਾਲ ਕੰਮ ਕਰਨ ਅਤੇ ਚੋਣ ਪ੍ਰਕਿਰਿਆ ਦੀ ਸਮਾਪਤੀ ਤੱਕ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ।




# ਲੇਬਰ ਚੌਕ ਖਰੜ ਵਿਖੇ ਮਜ਼ਦੂਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਦਸਿਆ

ਖਰੜ, ( ਕਾਲਾ ਸਿੰਘ ਸੈਨੀ )-ਲੋਕ ਸਭਾ ਚੋਣਾਂ ਨੂੰ ਲੈ ਕੇ ਵਿਧਾਨ ਸਭਾ ਹਲਕਾ ਖਰੜ ਦੇ ਸਹਾਇਕ ਰਿਟਰਨਿੰਗ ਅਫਸਰ ਗੁਰਮੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਵੀਪ ਇੰਚਾਰਜ਼ ਨਵਦੀਪ ਚੌਧਰੀ, ਕ੍ਰਿਸ਼ਨ ਕੁਮਾਰ ਵਲੋਂ ਲੇਬਰ ਚੌਕ ਖਰੜ ਵਿਖੇ ਮਜ਼ਦੂਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦੇਣ ਸਬੰਧੀ ਕੈਂਪ ਲਗਾਇਆ ਗਿਆ। ਇਸ ਮੌਕੇ ਸਵੀਪ ਗਤੀਵਿਧੀਆਂ ਤਹਿਤ ਮਜ਼ਦੂਰਾਂ ਨੂੰ ਵੋਟਰ ਜਾਗਰੂਕਤਾ ਬਾਰੇ ਦਸਿਆ ਕਿ ਸਾਨੂੰ ਵੋਟ ਪਾਉਣੀ ਚਾਹੀਦੀ ਹੈ।

## ਪਿੰਡ ਬਧੇਸ਼ਾ 'ਚ ਹੋਏ ਅਧਿਆਪਕ ਦੇ ਅੰਨੇ ਕਤਲ ਦੀ ਪੁਲਿਸ ਨੇ ਸੁਲਝਾਈ ਗੁੱਥੀ - 2 ਗ੍ਰਿਫਤਾਰ




ਸ਼ੇਰਪੁਰ, ( ਸੱਤਪਾਲ ਸਿੰਘ ਕਾਲਾਬੂਲਾ ) – ਥਾਣਾ ਸ਼ੇਰਪੁਰ ਅਧੀਨ ਪੈਂਦੇ ਪਿੰਡ ਵਜੀਦਪੁਰ ਬਧੇਸ਼ਾ 'ਚ 9 ਮਈ ਨੂੰ ਪ੍ਰਾਇਮਰੀ ਸਕੂਲ ਦੇ ਅਧਿਆਪਕ ਸਾਹਿਬ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਜੁਝਾਰ ਨਗਰ ਮਲੇਰਕੋਟਲਾ ਦਾ ਬਧੇਸ਼ਾ ਨੇੜੇ ਲਸਾੜਾ ਡਰੇਨ ਦੀ ਪਟੜੀ ਤੇ ਉਸ ਸਮੇਂ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ ਸੀ ਜਦੋਂ ਉਹ ਰੋਜ਼ਾਨਾ ਦੀ ਤਰ੍ਹਾਂ ਆਪਣੇ ਮੋਟਰਸਾਈਕਲ ਉੱਤੇ ਸਵੇਰੇ ਸਕੂਲ ਪੜਾਉਣ ਆ ਰਿਹਾ ਸੀ । ਸ਼ੇਰਪੁਰ ਪੁਲਿਸ ਵੱਲੋਂ ਜਿਲਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਦੀ ਨਿਰਦੇਸ਼ਨਾ , ਤਲਵਿੰਦਰ ਸਿੰਘ ਗਿੱਲ ਡੀਐਸਪੀ ਧੂਰੀ ਦੀ ਯੋਗ ਅਗਵਾਈ ਅਤੇ ਖੁਫੀਆ ਤੰਤਰ ਦੀ ਮਦਦ ਨਾਲ ਇਸ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਨਾਮਜਦ ਕਰਕੇ ਗ੍ਰਿਫਤਾਰ ਕੀਤਾ ਗਿਆ ਸੀ। ਇਸ ਸਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਤਲਵਿੰਦਰ ਸਿੰਘ ਗਿੱਲ, ਪੀ ਪੀ ਐਸ ਉੱਪ ਕਪਤਾਨ ਪੁਲਿਸ ਸਬ –ਡਿਵੀਜ਼ਨ ਧੂਰੀ ਨੇ ਦੱਸਿਆ ਕਿ 9 ਮਈ ਸਵੇਰੇ ਤਕਰੀਬਨ 8 ਵਜੇ ਦੇ ਕਰੀਬ ਹੋਏ ਇਸ ਕਤਲ ਵਿੱਚ ਜਗਤਾਰ ਸਿੰਘ ਤਾਰੀ (34 ) ਅਤੇ ਹਰਜੋਤ ਸਿੰਘ ਉਰਫ ਜੋਤ (19) ਵਾਸੀ ਕੰਗਣਵਾਲ ਜਿਲਾ ਮਲੇਰਕੋਟਲਾ ਨੂੰ ਗ੍ਰਿਫਤਾਰ ਕਰਕੇ ਤਿੰਨ ਦਿਨ ਦਾ ਪੁਲਿਸ ਰਿਮਾਂਡ ਲਿਆ ਗਿਆ ਸੀ। ਉਹਨਾਂ ਦੱਸਿਆ ਕਿ ਜਗਤਾਰ ਸਿੰਘ ਅਤੇ ਮਾ.ਸਾਹਿਬ ਸਿੰਘ ਦੀ ਆਪਸੀ ਰੰਜਿਸ਼ ਕਾਰਨ ਤਕਰਾਰਬਾਜ਼ੀ ਚੱਲਦੀ ਸੀ ਜਿਸ ਕਾਰਨ ਪਹਿਲਾਂ ਵੀ ਦੋ ਵਾਰ ਇਹਨਾਂ ਦੀ ਆਪਸੀ ਮੁੱਠਭੇੜ ਹੋ ਚੁੱਕੀ ਸੀ । ਜਗਤਾਰ ਨੂੰ ਲੱਗ ਰਿਹਾ ਸੀ ਕਿ ਸਾਹਿਬ ਸਿੰਘ ਉਸਦਾ ਨੁਕਸਾਨ ਕਰੇਗਾ ਜਾਂ ਉਸਨੂੰ ਮਾਰੇਗਾ ਇਸੇ ਨੂੰ ਲੈ ਕੇ ਉਸ ਨੇ ਸਾਹਿਬ ਸਿੰਘ ਦਾ ਕਤਲ ਕਰ ਦਿੱਤਾ। ਪੁਲਿਸ ਨੇ ਵਾਰਦਾਤ 'ਚ ਵਰਤਿਆ ਤੇਜਧਾਰ ਹਥਿਆਰ ਬਰਾਮਦ ਕਰ ਲਿਆ ਹੈ । ਦੋਸ਼ੀਆਂ ਤੋਂ ਗਹਿਰਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਹੋਰ ਵੀ ਰਿਮਾਂਡ ਲਿਆ ਜਾਵੇਗਾ। ਇਸ ਮੌਕੇ ਇੰਸਪੈਕਟਰ ਕਮਲਜੀਤ ਸਿੰਘ ਥਾਣਾ ਮੁਖੀ ਸ਼ੇਰਪੁਰ, ਸੀ ਆਈ ਏ ਇੰਚਾਰਜ਼ ਇੰਸਪੈਕਟਰ ਸੰਦੀਪ ਸਿੰਘ , ਏ ਐਸ ਆਈ ਬਲਵਿੰਦਰ ਸਿੰਘ , ਸੀਨੀਅਰ ਕਾਂਸਟੇਬਲ ਬਲਜਿੰਦਰ ਸਿੰਘ , ਕੁਲਦੀਪ ਸਿੰਘ , ਵਰਿੰਦਰ ਸਿੰਘ, ਯਾਦਵਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਪੁਲਿਸ ਕਰਮੀ ਮੌਜੂਦ ਸਨ।

## ਸਵੀਪ ਟੀਮ ਦੇ ਇੰਚਾਰਜ਼ ਨਵਦੀਪ ਚੌਧਰੀ ਲੇਬਰ ਚੌਂਕ ਖਰੜ ਵਿਖੇ ਮਜ਼ਦੂਰਾਂ ਨੂੰ ਜਾਣਕਾਰੀ ਦਿੰਦੇ ਹੋਏ

### ਖਰੜ ਤਹਿਸੀਲ ਦੇ ਪਿੰਡ ਅੱਲਾਂਪੁਰ ਵਿਚ 16 ਬੱਕਰੀਆਂ ਦੀ ਭੇਦਭਰੀ ਵਿਚ ਹੋਈ ਮੌਤ




ਖਰੜ, (ਕਾਲਾ ਸਿੰਘ ਸੈਣੀ)–ਖਰੜ ਤਹਿਸੀਲ ਦੇ ਪਿੰਡ ਅੱਲਾਂਪੁਰ ਵਿਚ ਇਕ ਗਰੀਬ ਪਰਿਵਾਰ ਇੰਦਰਜੀਤ ਸਿੰਘ ਦੀਆਂ 16 ਬੱਕਰੀਆਂ ਖੇਤਾਂ ਵਿਚ ਘਾਅ ਫੂਸ ਚੁੱਗਦੀਆਂ ਹੋਈਆਂ ਮਰ ਗਈਆਂ। ਪੀੜਤ ਇੰਦਰਜੀਤ ਸਿੰਘ ਨੇ ਦਸਿਆ ਕਿ ਉਨ੍ਹਾਂ ਦਾ ਪਰਿਵਾਰ ਸ਼ੁਰੂ ਤੋਂ ਬੱਕਰੀਆਂ ਪਾਲ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਦਾ ਹੈ ਉਸ ਪਾਸ 17 ਬੱਕਰੀਆਂ ਸਨ। ਉਹ ਰੋਜ਼ਾਨਾ ਦੀ ਤਰ੍ਹਾਂ ਆਪਣੀਆਂ ਬੱਕਰੀਆਂ ਜਿਨ੍ਹਾਂ ਵਿਚ 8 ਬੱਕਰੇ ਵੱਡੇ ਅਤੇ 2 ਛੋਟੇ, 6 ਬੱਕਰੀਆਂ ਨੂੰ ਖੇਤਾਂ ਵਿਚ ਚੁਰਾਉਣ ਲਈ ਲੈ ਗਿਆ। ਪਹਿਲਾਂ ਖੇਤਾਂ ਵਿਚ ਬਰਸੀਮ ਅਤੇ ਬਾਅਦ ਵਿਚ ਕਣਕ ਦੀ ਰਹਿੰਦੀ ਜੂਠ ਖੂੰਹਦ ਨੂੰ ਚਾਰਿਆ ਅਤੇ ਇੱਕ ਦਮ ਬੱਕਰੀਆਂ ਤੇ ਛੋਟੇ ਬੱਕਰੇ ਡਿੱਗਣ ਲੱਗ ਪਏ ਤਾਂ ਉਹ ਘਬਰਾ ਗਏ ਅਤੇ ਉਨ੍ਹਾਂ ਆਪਣੇ ਸਾਥੀਆਂ ਨੂੰ ਬੁਲਾਇਆ। ਉਨ੍ਹਾਂ ਦਸਿਆ ਕਿ ਉਨ੍ਹਾਂ ਦੀਆਂ ਕੁੱਲ 16 ਬੱਕਰੀਆ, ਬੱਕਰੇ,ਛੋਟੇ ਤੇ ਵੱਡਿਆਂ ਦੀ ਮੌਤ ਹੋ ਗਈ ਜਿਨ੍ਹਾਂ ਦੀ ਉਮਰ 2–3ਸਾਲ ਦੇ ਕਰੀਬ ਸੀ ਅਤੇ 3 ਲੱਖ 50 ਹਜ਼ਾਰ ਦੇ ਕਰੀਬ ਮਾਲੀ ਨੁਕਸਾਨ ਹੋ ਗਿਆ ਹੈ। ਉਨ੍ਹਾਂ ਦਸਿਆ ਕਿ ਉਨ੍ਹਾਂ ਪੰਜਾਬ ਗ੍ਰਾਮੀਣ ਬੈਕ ਸਹੌੜਾਂ ਤੋਂ ਕਰਜ਼ਾ ਲੈ ਕੇ 37 ਦੇ ਕਰੀਬ ਬੱਕਰੀਆਂ, ਛੋਟੇ ਬੱਕਰੇ ਖਰੀਦ ਕੀਤੇ ਸਨ ਜਿਨ੍ਹਾਂ ਦਾ ਉਹ ਪਾਲਣ ਪੋਸ਼ਣ ਕਰ ਰਿਹਾ ਸੀ। ਪਸ਼ੂ ਪਾਲਣ ਵਿਭਾਗ ਦੇ ਵੈਟਰਨਰੀ ਹਸਪਤਾਲ ਸਿੰਘਪੁਰਾ ਦੇ ਡਾ. ਗੁਰਨਾਮ ਸਿੰਘ ਨੇ ਵੀ ਮੌਕੇ ਤੇ ਆ ਕੇ ਜਾਇਜ਼ਾ ਲਿਆ ਸੀ। ਪਿੰਡ ਨਿਵਾਸੀ ਸੁਰਿੰਦਰ ਸਿੰਘ, ਮਨਜੀਤ ਸਿੰਘ,ਮਲਕੀਤ ਸਿੰਘ ਸਾਬਕਾ ਪੰਚ,ਗੁਰਮੋਹਨ ਸਿੰਘ, ਰਾਜਿੰਦਰ ਸਿੰਘ, ਨਰਿੰਦਰ ਸਿੰਘ, ਮਾਸਟਰ ਬਲਜੀਤ ਸਿੰਘ, ਅਮਨਦੀਪ ਸਿੰਘ ਸਮੇਤ ਹੋਰਨਾਂ ਨੇ ਕਿਹਾ ਕਿ ਇੰਦਰਜੀਤ ਸਿੰਘ ਸ਼ੁਰੂ ਤੋਂ ਬੱਕਰੀਆਂ ਪਾਲ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚੱਲਦਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇੰਦਰਜੀਤ ਸਿੰਘ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਇਸ ਸਬੰਧ ਵਿਚ ਐਸ.ਡੀ.ਐਮ.ਖਰੜ ਗੁਰਮੰਦਰ ਸਿੰਘ ਨੇ ਦਸਿਆ ਕਿ ਪਿੰਡ ਅੱਲਾਂਪੁਰ ਵਿਚ ਇੰਦਰਜੀਤ ਸਿੰਘ ਦੀਆਂ ਜੋ ਬੱਕਰੀਆਂ ਮਰੀਆਂ ਸਨ ਉਸ ਸਬੰਧੀ ਫੀਲਡ ਸਟਾਫ ਤੋਂ ਰਿਪੋਰਟ ਲੈਣ ਉਪਰੰਤ ਤਹਿਸੀਲਦਾਰ ਖਰੜ ਤੋਂ ਪ੍ਰਾਪਤ ਹੋਈ ਰਿਪੋਰਟ ਬਣਦੇ ਮੁਆਵਜ਼ੇ ਲਈ ਡਿਪਟੀ ਕਮਿਸ਼ਨਰ ਮੁਹਾਲੀ ਨੂੰ ਭੇਜ ਦਿੱਤੀ ਗਈ ਹੈ।

## ਖਰੜ ਵਿਚ ਚੋਰਾਂ ਨੇ ਦੁਕਾਨ ਦਾ ਸ਼ਟਰ ਤੋੜ ਕੇ ਕੀਤੀ ਚੋਰੀ




ਖਰੜ, (ਕਾਲਾ ਸਿੰਘ ਸੈਣੀ) ਨਗਰ ਕੌਂਸਲ ਖਰੜ ਦੇ ਪੁਰਾਣੇ ਦਫਤਰ ਨਜ਼ਦੀਕ ਬਰਾੜ ਕਾਰ ਸ਼ਿੰਗਾਰ ਦਾ ਚੋਰਾਂ ਨੇ ਸ਼ਟਰ ਤੋੜ ਕੇ ਚੋਰੀ ਕਰ ਲਈ। ਦੁਕਾਨ ਮਾਲਕ ਹਰਚਰਨ ਸਿੰਘ ਬਰਾੜ ਨੇ ਦਸਿਆ ਕਿ ਇਸ ਸਾਲ ਵਿਚ ਉਨ੍ਹਾਂ ਦੀ ਦੁਕਾਨ ਵਿਚ ਤੀਜੀ ਵਾਰ ਚੋਰੀ ਹੋਈ ਹੈ। ਉਹ ਬੀਤੀ ਰਾਤ ਰੋਜਾਨਾਂ ਦੀ ਤਰ੍ਹਾਂ ਆਪਣੀ ਦੁਕਾਨ ਬੰਦ ਕਰਕੇ ਗਏ ਸਨ ਕਿ ਅੱਜ ਉਨ੍ਹਾਂ ਨੂੰ ਸਵੇਰੇ 7 ਵਜੇ ਟੈਪੂ ਚਾਲਕ ਨੇ ਫੋਨ ਕੀਤਾ ਕਿ ਤੁਹਾਡੀ ਦੁਕਾਨ ਦਾ ਸ਼ਟਰ ਟੁੱਟਿਆ ਹੋਇਆ ਹੈ,ਉਨ੍ਹਾਂ ਜਦੋਂ ਆ ਕੇ ਵੇਖਿਆ ਕਿ ਦੁਕਾਨ ਦਾ ਸ਼ਟਰ ਟੁੱਟਿਆ ਹੋਇਆ ਸੀ ਅਤੇ ਤਾਲੇ ਲੱਗੇ ਹੋਏ ਸਨ। ਚੋਰਾਂ ਵਲੋਂ ਉਨ੍ਹਾਂ ਦੀ ਦੁਕਾਨ ਵਿਚ ਕਾਰ ਸ਼ਿੰਗਾਰ ਅਤੇ ਹੋਰ ਸਮਾਨ ਚੋਰੀ ਕਰ ਲਿਆ ਗਿਆ ਅਤੇ 35–40 ਹਜ਼ਾਰ ਦੇ ਕਰੀਬ ਨੁਕਸਾਨ ਹੋ ਗਿਆ ਹੈ, ਉਹ ਕਾਰਾਂ ਅਤੇ ਹੋਰ ਵਾਹਨਾਂ ਦੀ ਸ਼ਿੰਗਾਰ ਦਾ ਕੰਮ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਦੇ ਹਨ। ਉਨ੍ਹਾਂ ਇਸ ਸਬੰਧ ਵਿਚ ਥਾਣਾ ਸਿਟੀ ਖਰੜ ਨੂੰ ਸੂਚਨਾ ਦੇ ਦਿੱਤੀ ਅਤੇ ਪੁਲਿਸ ਕਰਮਚਾਰੀਆਂ ਵਲੋਂ ਮੌਕੇ ਤੇ ਪੁੱਜ ਕੇ ਜਾਇਜ਼ਾ ਲਿਆ ਗਿਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਸਨੂੰ ਬਣਦੇ ਨੁਕਸਾਨ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ।



publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਟੀਮ ਦੇ ਇੰਸਪੈਕਟਰ ਹਰਮੀਤ ਸਿੰਘ ਕਾਨਪੁਰ ਦੇ ਸਕੂਲਾਂ ਨੂੰ ਧਮਕੀਆਂ ਦੇਣ ਵਾਲਿਆਂ ਖਿਲਾਫ ਡੂੰਘਾਈ ਨਾਲ ਜਾਂਚ 'ਚ ਲੱਗੇ ਹੋਏ ਹਨ

## ਰੂਸੀ ਸਰਵਰ ਦੀ ਵਰਤੋਂ ਕਰਕੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਈ-ਮੇਲ ਰਾਹੀਂ ਦਿੱਤੀ ਗਈ ਸੀ





ਕਾਨਪੁਰ ਸੁਨੀਲ ਬਾਜਪਾਈ- ਇੱਥੋਂ ਦੇ ਸੱਤ ਵੱਕਾਰੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ ਈ-ਮੇਲ ਭੇਜਣ ਦੇ ਮਾਮਲੇ ਵਿੱਚ ਪੁਲੀਸ ਦੇ ਸਾਈਬਰ ਸੈੱਲ ਨੇ ਰੂਸ ਨਾਲ ਸੰਪਰਕ ਕੀਤਾ ਹੈ ਅਤੇ ਉਸ ਵਿਅਕਤੀ ਬਾਰੇ ਜਾਣਕਾਰੀ ਮੰਗੀ ਹੈ, ਜਿਸ ਨੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਲਈ ਰੂਸੀ ਸਰਵਰ ਦੀ ਵਰਤੋਂ ਕੀਤੀ ਸੀ ਡਾਕ ਰਾਹੀਂ। ਨਾਲ ਹੀ ਮਾਮਲੇ ਦੀ ਜਾਣਕਾਰੀ ਇੰਟਰਪੋਲ ਨੂੰ ਵੀ ਦੇ ਦਿੱਤੀ ਗਈ ਹੈ।

ਦਰਅਸਲ, ਇਸ ਮਾਮਲੇ ਵਿੱਚ ਮੈਨੂੰ ਰੂਪ ਨਾਲ ਸੰਪਰਕ ਕਰਨਾ ਪਿਆ ਕਿਉਂਕਿ instru-menttt'inbox.ru ਦੇ ਨਾਮ 'ਤੇ ਇੱਕ ਈ-ਮੇਲ ਆਈਡੀ ਬਣਾਈ ਗਈ ਸੀ। ਉਸ ਨੂੰ ਇਹ ਸੇਵਾ ਰੂਸੀ ਕੰਪਨੀ ਵੀ.ਕੇ.

ਖ਼ਬਰ ਲਿਖੇ ਜਾਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਸ਼ਹਿਰ ਦੇ ਸੱਤ ਸਕੂਲਾਂ ਨੂੰ ਧਮਕੀ ਭਰੀਆਂ ਈਮੇਲਾਂ ਭੇਜਣ ਵਾਲੇ ਵਿਅਕਤੀ ਨੇ ਆਪਣੀ ਪਛਾਣ ਛੁਪਾਉਣ ਲਈ ਵੀਪੀਐਨ ਦੀ ਵਰਤੋਂ ਕੀਤੀ ਅਤੇ ਇੱਕ ਤੋਂ ਬਾਅਦ ਇੱਕ ਸਾਰੇ ਸਕੂਲਾਂ ਨੂੰ ਧਮਕੀ ਭਰੇ ਮੇਲ ਭੇਜੇ। ਸਾਈਬਰ ਥਾਣਾ ਪੁਲਸ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ 'ਚ ਜੁਟੀ ਹੋਈ ਹੈ। ਨਤੀਜੇ ਵਜੋਂ, ਅਪਰਾਧੀਆਂ ਦੀ ਗ੍ਰਿਫਤਾਰੀ ਦੇ ਰੂਪ ਵਿੱਚ ਵੀ ਬਹੁਤ ਜਲਦੀ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ ਜਾਵੇਗੀ ਕਿਉਂਕਿ ਅੱਜਕੱਲ੍ਹ ਕਾਨਪੁਰ ਦੇ ਸਾਈਬਰ ਪੁਲਿਸ ਸਟੇਸ਼ਨ ਦੀ ਕਮਾਨ ਲੜਨ ਵਾਲੇ ਇੰਸਪੈਕਟਰ ਹਰਮੀਤ ਸਿੰਘ ਦੇ ਹੱਥਾਂ ਵਿੱਚ ਹੈ ਜੋ ਬਹੁਤ ਹੀ ਮਨੁੱਖਤਾਵਾਦੀ ਪਹੁੰਚ ਰੱਖਦੇ ਹਨ ਅਤੇ ਅਗਵਾਈ ਕਰ ਰਹੇ ਹਨ। ਜਿਨ੍ਹਾਂ ਦੀ ਡਿਊਟੀ ਪ੍ਰਤੀ ਪੂਰੀ ਲਗਨ, ਜਿਸ ਦੀ ਪਾਰਦਰਸ਼ਤਾ, ਜਿਸਦੀ ਬੇਮਿਸਾਲ ਲੀਡਰਸ਼ਿਪ ਦੀ ਯੋਗਤਾ, ਜਿਸਦੀ ਅਦੁੱਤੀ ਹਿੰਮਤ, ਜਿਸਦੀ ਨਿਡਰਤਾ ਅਤੇ ਸਖਤ ਮਿਹਨਤ ਕਰਨ ਦੀ ਯੋਗਤਾ, ਅਪਰਾਧੀਆਂ ਦੇ ਖਿਲਾਫ ਪ੍ਰਭਾਵਸ਼ਾਲੀ ਕਾਰਵਾਈ ਵਿੱਚ ਅਤੇ ਪੀੜਤਾਂ ਦੀ ਮਦਦ ਕਰਨ ਵਿੱਚ ਵੀ। ਆਪਣੀ ਡਿਊਟੀ ਵਫ਼ਾਦਾਰੀ ਨਾਲ ਨਿਭਾਉਣ ਵਿੱਚ ਸਿਖਰ 'ਤੇ ਹੈ।

ਨਿਰਪੱਖ ਅਤੇ ਪਾਰਦਰਸ਼ੀ ਕਾਰਜਸ਼ੈਲੀ ਵਾਲੇ ਇੱਕ ਹੁਸ਼ਿਆਰ ਅਤੇ ਵਿਹਾਰਕ ਵਿਅਕਤੀ ਇੰਸਪੈਕਟਰ ਹਰਮੀਤ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਸਾਰੀਆਂ ਘਟਨਾਵਾਂ ਦਾ ਸਹੀ ਖੁਲਾਸੇ ਕਰਨ ਅਤੇ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਦੇ ਰੂਪ ਵਿੱਚ ਆਪਣੇ ਲੀਡਰਸ਼ਿਪ ਹੁਨਰ ਦਾ ਸਬੂਤ ਦਿੱਤਾ ਹੈ। ਦੇ ਕਾਰਜਕਾਲ ਵਿਚ ਖਾੜਕੂ ਨੌਕਰੀ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸਾਰੀਆਂ ਮੇਲ ਇੱਕ-ਇੱਕ ਕਰਕੇ ਇੱਕੋ ਮੇਲ ਸਰਵਰ ਤੋਂ ਭੇਜੀਆਂ ਗਈਆਂ ਸਨ, ਜਿਸ ਦੀ ਜਾਣਕਾਰੀ ਇੰਟਰਪੋਲ ਨੂੰ ਵੀ ਭੇਜ ਦਿੱਤੀ ਗਈ ਹੈ। ਉਸਨੇ ਦੱਸਿਆ ਕਿ ਕਾਨਪੁਰ ਪੁਲਿਸ ਨੇ ਰੂਸ ਤੋਂ ਈਮੇਲ ਆਈਡੀ ਬਣਾਉਣ ਵਾਲੇ ਵਿਅਕਤੀ ਦਾ ਨਾਮ, ਪਤਾ, ਸਰੋਤ ਅਤੇ ਪੂਰੀ ਪਛਾਣ ਮੰਗੀ ਹੈ। ਇਸ ਮੇਲ ਦਾ ਜਵਾਬ ਮਿਲਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

ਯਾਦ ਰਹੇ ਕਿ ਬੀਤੇ ਸੋਮਵਾਰ ਨੂੰ ਗੁਲਮੋਹਰ ਪਬਲਿਕ ਸਕੂਲ ਸਾਕੇਤਨਗਰ, ਕੇਡੀਐਮਏ, ਬਰਾੜਾ 8, ਕੇਂਦਰੀ ਵਿਦਿਆਲਿਆ, ਕੈਂਟ ਅਤੇ ਬਿਲਬੋਂਗ ਇੰਟਰਨੈਸ਼ਨਲ ਹਾਈ ਸਕੂਲ, ਸਨਾਤਨ ਧਰਮ ਐਜੂਕੇਸ਼ਨ ਸੈਂਟਰ ਕੌਸ਼ਲਪੁਰੀ, ਦ ਚਿੰਟਲਸ ਸਕੂਲ, ਸਿੰਘਪੁਰ, ਕੇਂਦਰੀ ਵਿਦਿਆਲਿਆ ਅਰਮਾਪੁਰ ਅਤੇ ਵਰਿੰਦਰ ਸਵਰੂਪ ਸਿੱਖਿਆ ਕੇਂਦਰ, ਡਾ. ਸਿਵਲ ਲਾਈਨ 'ਚ ਇਕ ਤੋਂ ਬਾਅਦ ਇਕ ਮੇਲ ਰਾਹੀਂ ਬੰਬ ਦੀ ਧਮਕੀ ਦਿੱਤੀ ਗਈ।

# ਲੋਕ ਸਭਾ ਹਲਕਾ ਗੁਰਦਾਸਪੁਰ ਤੋਂ 3 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੇਪਰ ਵਾਪਸ ਲਏ



ਗੁਰਦਾਸਪੁਰ-ਨਵਨੀਤ ਕੁਮਾਰ - ਨਾਮਜ਼ਦਗੀ ਪੱਤਰ ਵਾਪਸ ਲੈਣ ਦੇ ਆਖ਼ਰੀ ਦਿਨ ਲੋਕ ਸਭਾ ਹਲਕਾ 01-ਗੁਰਦਾਸਪੁਰ ਤੋਂ ਅੱਜ 3 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ ਹਨ, ਜਿਸ ਤੋਂ ਬਾਅਦ ਹੁਣ ਗੁਰਦਾਸਪੁਰ ਸੀਟ ਤੋਂ 26 ਉਮੀਦਵਾਰ ਚੋਣ ਮੈਦਾਨ ਵਿੱਚ ਰਹਿ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫ਼ਸਰ, ਲੋਕ ਸਭਾ ਹਲਕਾ 01-ਗੁਰਦਾਸਪੁਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ 15 ਮਈ ਨੂੰ ਨਾਮਜ਼ਦਗੀ ਪੇਪਰਾਂ ਦੀ ਪੜਤਾਲ ਤੋਂ ਬਾਅਦ 29 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ ਸਨ। ਉਨ੍ਹਾਂ ਦੱਸਿਆ ਕਿ ਅੱਜ ਨਾਮਜ਼ਦਗੀ ਪੱਤਰ ਵਾਪਸ ਲੈਣ ਦੇ ਆਖ਼ਰੀ ਦਿਨ ਤਿੰਨ ਅਜ਼ਾਦ ਉਮੀਦਵਾਰਾਂ ਬਲਜਿੰਦਰ ਸਿੰਘ, ਕੁਸਮ ਰਾਣੀ ਅਤੇ ਨਿਰਮਲਜੀਤ ਕੌਰ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਤਿੰਨ ਉਮੀਦਵਾਰਾਂ ਵੱਲੋਂ ਆਪਣੇ ਨਾਮ ਵਾਪਸ ਲਏ ਜਾਣ ਤੋਂ ਬਾਅਦ ਹੁਣ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਕੁੱਲ 26 ਉਮੀਦਵਾਰ ਚੋਣ ਮੈਦਾਨ ਵਿੱਚ ਰਹਿ ਗਏ ਹਨ। ਰਿਟਰਨਿੰਗ ਅਫ਼ਸਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਜਿਹੜੇ 26 ਉਮੀਦਵਾਰ ਚੋਣ ਮੈਦਾਨ ਵਿੱਚ ਹਨ ਉਨ੍ਹਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ, ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦਲਜੀਤ ਸਿੰਘ ਚੀਮਾ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦਿਨੇਸ਼ ਸਿੰਘ, ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਰਾਜ ਕੁਮਾਰ, ਮੇਘਾ ਦੇਸ਼ਮ ਪਾਰਟੀ ਦੀ ਉਮੀਦਵਾਰ ਸੰਤੋਸ਼ ਕੁਮਾਰੀ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਗੁਰਿੰਦਰ ਸਿੰਘ, ਭਾਰਤੀਯ ਰਾਸ਼ਟਰੀਆ ਦਲ ਦੇ ਉਮੀਦਵਾਰ ਜਤਿੰਦਰ ਕੁਮਾਰ ਸ਼ਰਮਾ, ਨੈਸ਼ਨਲਿਸਟ ਜਸਟਿਸ ਪਾਰਟੀ ਦੇ ਉਮੀਦਵਾਰ ਦਰਬਾਰਾ ਸਿੰਘ, ਜਨ ਸੇਵਾ ਡਰਾਇਵਰ ਪਾਰਟੀ ਦੇ ਉਮੀਦਵਾਰ ਰਣਜੋਧ ਸਿੰਘ, ਭਾਰਤੀਯ ਜਵਾਨ ਕਿਸਾਨ ਪਾਰਟੀ ਦੇ ਉਮੀਦਵਾਰ ਰਮੇਸ਼ ਕੁਮਾਰ, ਨੈਸ਼ਨਲ ਰਿਪਬਲਿਕ ਪਾਰਟੀ ਆਫ਼ ਇੰਡੀਆ ਦੇ ਉਮੀਦਵਾਰ ਰਮੇਸ਼ ਲਾਲ, ਅਜ਼ਾਦ ਉਮੀਦਵਾਰ ਅਮਿਤ ਅਗਰਵਾਲ, ਅਜ਼ਾਦ ਉਮੀਦਵਾਰ ਸੰਜੀਵ ਸਿੰਘ, ਅਜ਼ਾਦ ਉਮੀਦਵਾਰ ਸੰਜੀਵ ਮਨਹਾਸ, ਅਜ਼ਾਦ ਉਮੀਦਵਾਰ ਸੰਤ ਸੇਵਕ, ਅਜ਼ਾਦ ਉਮੀਦਵਾਰ ਸੰਤੋਸ਼ ਕੌਰ, ਅਜ਼ਾਦ ਉਮੀਦਵਾਰ ਸੁਰਜੀਤ ਸਿੰਘ, ਅਜ਼ਾਦ ਉਮੀਦਵਾਰ ਸੁਰਿੰਦਰ ਸਿੰਘ, ਅਜ਼ਾਦ ਉਮੀਦਵਾਰ ਸੈਮੂਅਲ ਸੋਨੀ, ਅਜ਼ਾਦ ਉਮੀਦਵਾਰ ਗੁਰਪ੍ਰੀਤ ਕੌਰ, ਅਜ਼ਾਦ ਉਮੀਦਵਾਰ ਆਈ.ਐੱਸ. ਗੁਲਾਟੀ, ਅਜ਼ਾਦ ਉਮੀਦਵਾਰ ਜਗਦੀਸ਼ ਮਸੀਹ, ਅਜ਼ਾਦ ਉਮੀਦਵਾਰ ਤਰਸੇਮ ਮਸੀਹ, ਅਜ਼ਾਦ ਉਮੀਦਵਾਰ ਤਿਲਕ ਰਾਜ ਅਤੇ ਅਜ਼ਾਦ ਉਮੀਦਵਾਰ ਰੋਬੀ ਮਸੀਹ ਸ਼ਾਮਲ ਹਨ।

# ਰਿਟਰਨਿੰਗ ਅਫ਼ਸਰ ਗੁਰਦਾਸਪੁਰ ਵੱਲੋਂ ਪੇਡ ਨਿਊਜ਼ ਸਬੰਧੀ ਸ਼੍ਰੋਮਣੀ ਅਕਾਲੀ ਦੇ ਉਮੀਦਵਾਰ ਦਲਜੀਤ ਸਿੰਘ ਚੀਮਾ ਨੂੰ ਨੋਟਿਸ ਜਾਰੀ



ਗੁਰਦਾਸਪੁਰ-ਨਵਨੀਤ ਕੁਮਾਰ - ਸ੍ਰੀ ਵਿਸ਼ੇਸ਼ ਸਾਰੰਗਲ, ਰਿਟਰਨਿੰਗ ਅਫ਼ਸਰ, ਲੋਕ ਸਭਾ ਹਲਕਾ 01-ਗੁਰਦਾਸਪੁਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੂੰ ਕੁਝ ਚੈਨਲਾਂ ਵਿੱਚ ਪੇਡ ਨਿਊਜ਼ ਲਗਾਉਣ ਸਬੰਧੀ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫ਼ਸਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪਠਾਨਕੋਟ ਵਿਖੇ ਸਥਾਪਤ ਕੀਤੀ ਗਈ ਜ਼ਿਲ੍ਹਾ ਪੱਧਰੀ ਮੀਡੀਆ ਸਰਟੀਫਿਕੇਸ਼ਨ ਐਂਡ ਮੋਨੀਟਰਿੰਗ ਕਮੇਟੀ ਨੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਫਾਸਟਵੇਅ ਵੱਲੋਂ ਮਿਤੀ 14 ਮਈ 2024 ਨੂੰ ਆਪਣੇ ਕੁਝ ਚੈਨਲਾਂ ਉੱਪਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਪੱਖ ਵਿੱਚ ਸ਼ੱਕੀ ਪੇਡ ਨਿਊਜ਼ ਚਲਾਈ ਗਈ ਹੈ। ਉਨ੍ਹਾਂ ਕਿਹਾ ਕਿ ਐੱਮ.ਸੀ.ਐੱਮ.ਸੀ. ਪਠਾਨਕੋਟ ਵੱਲੋਂ ਕੀਤੀ ਗਈ ਰਿਪੋਰਟ ਦੇ ਅਧਾਰ 'ਤੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ 48 ਘੰਟੇ ਦੇ ਅੰਦਰ ਉਨ੍ਹਾਂ ਦਾ ਸਪਸ਼ਟੀਕਰਨ ਮੰਗਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨੋਟਿਸ ਦਾ ਜੁਆਬ ਮਿਲਣ ਤੋਂ ਬਾਅਦ ਪੇਡ ਨਿਊਜ਼ ਸਬੰਧੀ ਅਗਲੀ ਕਾਰਵਾਈ ਕੀਤੀ ਜਾਵੇਗੀ।ਰਿਟਰਨਿੰਗ ਅਫ਼ਸਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਲੋਕ ਸਭਾ ਹਲਕਾ 01-ਗੁਰਦਾਸਪੁਰ ਵਿੱਚ ਜ਼ਿਲ੍ਹਾ ਪੱਧਰ 'ਤੇ ਗੁਰਦਾਸਪੁਰ ਅਤੇ ਪਠਾਨਕੋਟ ਵਿਖੇ ਮੀਡੀਆ ਸਰਟੀਫ਼ਿਕੇਸ਼ਨ ਅਤੇ ਮੋਨੀਟਰਿੰਗ ਕਮੇਟੀਆਂ ਦਾ ਗਠਿਨ ਕੀਤਾ ਗਿਆ ਹੈ ਜਿਨ੍ਹਾਂ ਵੱਲੋਂ ਪ੍ਰਿੰਟ, ਇਲੈੱਕਟ੍ਰਾਨਿਕ ਅਤੇ ਸੋਸ਼ਲ ਮੀਡੀਆ 'ਤੇ 24 ਘੰਟੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਐੱਮ.ਸੀ.ਐੱਮ.ਸੀ. ਸੈੱਲ ਵੱਲੋਂ ਚੋਣਾਂ ਨਾਲ ਸਬੰਧਿਤ ਸਾਰੀਆਂ ਖ਼ਬਰਾਂ ਨੂੰ ਬਰੀਕੀ ਨਾਲ ਵਾਚਿਆ ਜਾ ਰਿਹਾ ਹੈ ਤਾਂ ਜੋ ਪੇਡ ਨਿਊਜ਼ ਨੂੰ ਰੋਕਿਆ ਜਾ ਸਕੇ।

# ਕਰੋੜਾਂ ਦੀ ਹੇਰਾਫੇਰੀ ਕਰਨ ਵਾਲੇ ਬੈਂਕ ਦੇ ਮੈਨੇਜਰ ਦੇ ਕੇਸ ਵਿੱਚ ਇੱਕ ਹੋਰ ਗ੍ਰਿਫਤਾਰ, ਇੱਕ ਫ਼ਰਾਰ : ਡੀ ਐੱਸ ਪੀ ਖਰੜ-2



ਨਿਊ ਚੰਡੀਗੜ੍ਹ : ਕੋਆਪ੍ਰੇਟਿਵ ਬੈਂਕ ਬਰਾਂਚ ਸਿਆਲਬਾ ਵਿੱਚ ਖਾਤਾ ਧਾਰਕਾਂ ਨਾਲ ਪਿਛਲੇ ਮੈਨੇਜਰ ਵੱਲੋਂ ਕਰੋੜਾਂ ਰੁਪਏ ਦਾ ਘਪਲਾ ਸਾਹਮਣੇ ਆਇਆ ਸੀ। ਜਿਸ ਵਿੱਚ ਬੈਂਕ ਮੈਨੇਜਰ ਦੀ ਗ੍ਰਿਫਤਾਰੀ ਹੋਈ ਸੀ। ਇਸੇ ਕੇਸ ਵਿੱਚ ਇੱਕ ਵਿਅਕਤੀ ਨੂੰ ਹੋਰ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਸਾਂਝੀ ਕਰਦੇ ਆਂ ਡੀਐਸਪੀ- 2 ਸ.ਧਰਮਵੀਰ ਸਿੰਘ ਨੇ ਦੱਸਿਆ ਕਿ ਕੋਆਪਰੇਟਿਵ ਬੈਂਕ ਸਿਆਲਬਾ ਜ਼ਿਲ੍ਹਾ ਮੋਹਾਲੀ ਵਿੱਚ ਹੋਏ ਪੈਸਿਆਂ ਦੇ ਹੇਰ ਫੇਰ ਵਿੱਚ ਜਿੱਥੇ ਇਸ ਦੇ ਪੁਰਾਣੇ ਮੈਨੇਜਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁੱਛ ਗਿੱਛ ਵਿੱਚ ਸਾਹਮਣੇ ਆਇਆ ਸੀ ਕਿ ਇਸ ਕੇਸ ਨਾਲ ਦੋ ਹੋਰ ਵਿਅਕਤੀਆਂ ਦੇ ਜੁੜੇ ਹੋਣ ਦੀ ਅਸ਼ੰਕਾ ਜਤਾਈ ਜਾ ਰਹੀ ਸੀ। ਹੁਣ ਇਸ ਕੇਸ ਵਿੱਚ ਇੱਕ ਨਵਾਂ ਮੋੜ ਆ ਗਿਆ ਹੈ। ਇਸ ਵਿੱਚ ਮੈਨੇਜਰ ਨਾਲ ਦੋ ਵਿਅਕਤੀਆਂ ਦੇ ਹੋਰ ਸ਼ਾਮਿਲ ਹੋਣ ਦਾ ਖੁਲਾਸਾ ਹੋਇਆ ਸੀ। ਜਿਨਾਂ ਦੀ ਭਾਲ ਕਰਨ ਲਈ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਸਨ ,ਜਿਸ ਵਿੱਚ ਵੱਡੀ ਕਾਮਯਾਬੀ ਲੱਗੀ ਹੈ। ਉਨ੍ਹਾਂ ਦੋ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਹਰਜਿੰਦਰ ਸਿੰਘ ਉਰਫ ਰਾਜੂ ਪਿੰਡ ਪੱਲਣ ਪੁਰ ਨੂੰ ਗਿਰਫ਼ਤਾਰ ਕਰ ਲਿਆ ਗਿਆ ਹੈ। ਇਸ ਕੇਸ ਵਿੱਚੋਂ ਲੜੀਂਦਾ ਇੱਕ ਵਿਅਕਤੀ ਜੋ ਕੁਰਾਲੀ ਦਾ ਵਸਨੀਕ ਦੱਸਿਆ ਜਾ ਰਿਹਾ ਹੈ ਉਹ ਅਜੇ ਗ੍ਰਿਫਤ ਤੋਂ ਬਾਹਰ ਹੈ। ਸ.ਧਰਮਵੀਰ ਸਿੰਘ ਨੇ ਦੱਸਿਆ ਕਿ ਜਲਦ ਹੀ ਉਸ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਵੇਗਾ। ਉਹਨਾਂ ਦੱਸਿਆ ਕਿ ਬਾਕੀ ਹੋਰ ਖੁਲਾਸੇ ਦੂਸਰੇ ਵਿਅਕਤੀ ਦੀ ਗਿਰਫਤਾਰੀ ਹੋਣ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਰਾਹੀਂ ਕੀਤੇ ਜਾਣਗੇ। ਉਸ ਵਿਅਕਤੀ ਦੇ ਵੀ ਜਲਦੀ ਹੀ ਫੜੇ ਜਾਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਕੁਝ ਖਾਤਾ ਧਾਰਕ ਜਦੋਂ ਕੋਆਪਰੇਟਿਵ ਬੈਂਕ ਸਿਆਲਬਾ ਜ਼ਿਲ੍ਹਾ ਮੋਹਾਲੀ ਵਿਖੇ ਬੈਂਕ ਦੀ ਸ਼ਾਖਾ ਵਿੱਚ ਆਪਣੇ ਪੈਸੇ ਕਢਵਾਉਣ ਲਈ ਪਹੁੰਚੇ ਤਾਂ ਖਾਤਿਆਂ ਵਿੱਚੋ ਲੱਖਾਂ ਰੁਪਏ ਗਾਇਬ ਹੋ ਗਏ ਸਨ। ਮੌਜੂਦਾ ਮੈਨੇਜਰ ਨਾਲ਼ ਗੱਲਬਾਤ ਕੀਤੀ ਤਾਂ ਪਤਾ ਲੱਗਾ ਕਿ ਪਿਛਲੇ ਮੈਨੇਜਰ ਜਸਵੀਰ ਸਿੰਘ ਵਾਸੀ ਮਾਜਰਾ (ਨਿਊ ਚੰਡੀਗੜ੍ਹ) ਵੱਲੋਂ ਉਨ੍ਹਾਂ ਦੇ ਖਾਤਿਆਂ ਵਿੱਚੋ ਪੈਸੇ ਗ਼ਾਇਬ ਕੀਤੇ ਗਏ ਨੇ। ਉਹ ਮੈਨੇਜਰ ਇਸ ਬੈਂਕ ਤੋਂ ਬਦਲੀ ਹੋਣ ਉਪਰੰਤ ਸ਼ਾਖਾ ਘੜੂੰਆਂ ਵਿੱਚ ਗਿਆ ਸੀ ਉਥੇ ਵੀ ਕਿਸੇ ਔਰਤ ਨਾਲ ਪੰਦਰਾਂ ਲੱਖ ਰੁਪਏ ਦੀ ਠੱਗੀ ਮਾਰਨ ‘ਤੇ ਉਸ ਨੂੰ ਸਸਪੈਂਡ ਕੀਤਾ ਗਿਆ ਸੀ। ਬੈਂਕ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਲਿਖ਼ਤੀ ਦਰਖ਼ਾਸਤ ਪੁਲਿਸ ਪ੍ਰਸ਼ਾਸਨ ਨੂੰ ਦਿੱਤੀ ਗਈ ਸੀ । ਇਸ ਤੋਂ ਬਾਅਦ ਦੋਸ਼ੀ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਸੀ।

# ਸ਼ੱਕੀ ਹਾਲਤ ਵਿੱਚ ਲੱਕੜ ਦੇ ਸ਼ੋਅਰੂਮ ਨੂੰ ਅੱਗ ਲੱਗਣ ਕਾਰਨ 25 ਲੱਖ ਰੁਪਏ ਦਾ ਸਮਾਨ ਸੜ੍ਹ ਕੇ ਸੁਆਹ



ਜ਼ੀਰਕਪੁਰ : ਬੀਤੀ ਰਾਤ ਕਰੀਬ ਦੋ ਵਜੇ ਜੀਰਕਪੁਰ-ਪੰਚਕੁਲਾ ਦੀ ਹੱਦ ਤੇ ਵਸੀ ਹਰਮਿਲਾਪ ਨਗਰ ਕਾਲੋਨੀ ਵਿੱਚ ਬਣੇ ਇੱਕ ਲੱਕੜ ਦੇ ਸ਼ੋਅਰੂਮ ਨੂੰ ਸ਼ੱਕੀ ਹਾਤਲ ਵਿੱਚ ਅੱਗ ਲੱਗ ਜਾਣ ਕਾਰਨ ਕਰੀਬ 25 ਲੱਖ ਰੁਪਏ ਦਾ ਸਮਾਨ ਸੜ੍ਹ ਕੇ ਸੁਆਹ ਹੋ ਗਿਆ। ਅੱਗ ਲੱਗਣ ਦਾ ਕਾਰਨ ਬਿਜਲੀ ਦਾ ਸ਼ਾਰਟ ਸਰਕਟ ਮੰਨਿਆ ਜਾ ਰਿਹਾ ਹੈ। ਸ਼ੋਅਰੂਮ ਦੇ ਮਾਲਕਨੇ ਦੋਸ਼ ਲਗਾਇਆ ਕਿ ਉਸ ਵਲੋਂ ਅੱਗ ਬੁਝਾਉਣ ਲਈ ਵਾਰ ਵਾਰ ਫੋਨ ਕਰਨ ਤੇ ਫੋਨ ਜੀਰਕਪੁਰ ਫਾਇਰ ਵਿਭਾਗ ਦੀ ਬਜਾਏ ਪੰਚਕੁਲਾ ਵਿਖੇ ਮਿਲਦਾ ਰਿਹਾ ਜਿਸ ਕਾਰਨ ਅੱਗ ਬੁਝਾਉਣ ਲਈ ਗੱਡੀਆਂ ਦੇਰੀ ਨਾਲ ਮੌਕੇ ਤੇ ਪੁੱਜੀਆਂ ਜਿਸ ਕਾਰਨ ਉਸ ਦਾ ਬਹੁਤ ਜਿਆਦਾਂ ਨੁਕਸਾਨ ਹੋ ਗਿਆ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਰਾਮ ਬਦਨ ਵਾਸੀ ਹਰਮਿਲਾਪ ਨਗਰ ਨੇ ਦੱਸਿਆ ਕਿ ਉਸ ਦਾ ਇਸੇ ਕਾਲੋਨੀ ਵਿੱਚ ਲੱਕੜ ਦਾ ਸ਼ੋਅਰੂਮ ਹੈ ਜਿਸ ਵਿੱਚ ਉਸ ਵਲੋਂ ਇਮਾਰਤੀ ਅਤੇ ਫਰਨੀਚਰ ਬਣਾਉਣ ਵਾਲੀ ਲੱਕੜ ਰੱਖੀ ਹੋਈ ਹੈ। ਉਸ ਨੇ ਦੱਸਿਆ ਕਿ ਬੀਤੀ ਰਾਤ ਕਰੀਬ ਦੋ ਵਜੇ ਉਸ ਨੂੰ ਕਿਸੇ ਨੇ ਫੋਨ ਰਾਹੀ ਉਸ ਦੇ ਸ਼ੋਅਰੂਮ ਵਿੱਚ ਅੱਗ ਲੱਗਣ ਦੀ ਸੂਚਨਾ ਦਿੱਤੀ। ਉਸ ਨੇ ਦਸਿਆ ਕਿ ਦੋ ਵਜ ਕੇ ਦਸ ਮਿੰਟ ਤੇ ਉਹ ਮੌਕੇ ਤੇ ਪੁੱਜ ਗਿਗ ਸੀ ਜਿਸ ਤੋਂ ਬਾਅਦ ਵਲੋਂ ਲਗਾਤਾਰ ਅੱਗ ਬੁਝਾਉਣ ਲਈ ਫਾਇਰ ਵਿਭਾਗ ਨਾਲ ਸੰਪਰਕ ਕੀਤਾ ਪਰ ਹੱਦ ਤੇ ਵਸੀ ਕਾਲੋਨੀ ਕਾਰਨ ਉਸ ਦਾ ਫੋਨ ਜੀਰਕਪੁਰ ਦੀ ਬਜਾਏ ਪੰਚਕੁਲਾ ਮਿਲਦਾ ਰਿਹਾ। ਉਸ ਨੇ ਦਸਿਆ ਕਿ ਉਸ ਵਲੋਂ ਬਹੁਤ ਮਿੰਨਤਾਂ ਕਰਨ ਤੋਂ ਬਾਦ ਪੰਚਕੁਲਾ ਤੋਂ ਇੱਕ ਅੱਗ ਬੁਝਾਉਣ ਦੀ ਗੱਡੀ ਆਈ ਜਿਸ ਨੇ ਸ਼ੋਅਰੂਮ ਦੇ ਬਾਹਰ ਤਾਂ ਅੱਗ ਬੁਝਾ ਦਿੱਤੀ ਪਰ ਸ਼ੋਅਰੂਮ ਦੇ ਅੰਦਰ ਅੱਗ ਬੁਝਾਉਣ ਤੋਂ ਮਨਾ ਕਰ ਦਿੱਤਾ। ਉਸ ਨੇ ਦਸਿਆ ਕਿ ਕਿਸੇ ਤਰਾਂ ਉਸ ਨੇ ਜੀਰਕਪੁਰ ਫਾਇਰ ਵਿਭਾਗ ਨਾਲ ਸੰਪਰਕ ਕੀਤਾ ਜਿਸ ਤੋਂ ਬਾਅਦ ਸਵੇਰੇ ਕਰੀਬ ਚਾਰ ਵਜੇ ਜੀਰਕਪੁਰ ਅਤੇ ਡੇਰਾਂਬਸੀ ਫਾਇਰ ਵਿਭਾਗ ਤੋਂ ਦੋ ਗੱਡੀਆਂ ਨੇ ਮੌਕੇ ਤੇ ਪੁੱਜ ਕੇ ਅੱਗ ਤੇ ਕਾਬੂ ਪਾਇਆ। ਉਸ ਨੇ ਦਸਿਆ ਕਿ ਜਦੋਂ ਤੱਕ ਜੀਰਕਪੁਰ ਤੋਂ ਫਾਇਰ ਬ੍ਰਿਗੇਡ ਦੀ ਗੱਡੀਆਂ ਪੁੱਜੀਆਂ ਉੱਦੋਂ ਤੱਕ ਉਸ ਦਾ ਬਹੁਤ ਨੁਕਸਾਨ ਹੋ ਚੁੱਕਾ ਸੀ।

# ਸਿਸਵਾਂ ਰੇਂਜ ਵੱਲੋਂ ਲੱਖਾਂ ਰੁਪਏ ਦੀ ਖ਼ੈਰ ਦੀ ਲੱਕੜੀ ਫੜੀ ਗਈ



ਨਿਊ ਚੰਡੀਗੜ੍ਹ/ਕੁਰਾਲੀ : ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ ਦਾ ਇਲਾਕਾ ਜੋ ਚੰਡੀਗੜ੍ਹ ਦੀ ਕੁੱਖ ਵਿੱਚ ਵੱਸਦਾ ਹੈ ਅਤੇ ਇੱਥੇ ਖ਼ੂਬਸੂਰਤ ਜੰਗਲ ਹੈ ਜੋ ਆਪਣੀ ਖ਼ੂਬਸੂਰਤੀ ਆਪ ਬਿਆਨ ਕਰਦੇ ਹਨ ਇਸ ਜੰਗਲ ਨੂੰ ਬਹੁਤ ਲੋਕ ਖਾ ਰਹੇ ਕਿਉਂਕਿ ਜੇ ਸਾਰੇ ਨਹੀਂ ਤਾਂ ਬਹੁਤ ਅਫਸਰਾਂ ਦੀ ਬਦੌਲਤ ਇਸ ਜੰਗਲ ਵਿੱਚੋਂ ਗਲਤ ਤਰੀਕੇ ਨਾਲ ਖੈਰ ਦੀ ਲੱਕੜ ਵੱਢੀ ਜਾਂਦੀ ਜੇਕਰ ਸਿਸਵਾਂ ਰੇਂਜ ਦੀ ਗੱਲ ਕਰੀਏ ਤਾਂ ਇਥੇ ਵੀ ਸਭ ਕੁਝ ਅੱਛਾ ਨਹੀਂ ਹੈ ।

ਦੱਸ ਦਈਏ ਕਿ ਕਾਂਗਰਸ ਸਰਕਾਰ ਵੇਲੇ ਜੰਗਲਾਤ ਮੰਤਰੀ ਰਹੇ ਸਾਧੂ ਸਿੰਘ ਧਰਮਸੋਤ ਅਤੇ ਡੀਐਫਓ ਰਹੇ ਗੁਰ ਅਮਰਪ੍ਰੀਤ ਸਿੰਘ ਭਰਿਸ਼ਟਾਚਾਰ ਦੇ ਆਰੋਪਾ ਚ ਜੇਲ ਦੀ ਹਵਾ ਖਾ ਚੁੱਕੇ ਹਨ ।ਬੇਸ਼ੱਕ ਜੰਗਲਾਤ ਅਧਿਕਾਰੀ ਜੰਗਲ ਨੂੰ ਬਚਾਉਣ ਦੀਆਂ ਜ਼ਰੂਰ ਗੱਲਾਂ ਕਰਦੇ ਹੋਣ ਪਰ ਗਰਾਊਂਡ ਲੈਵਲ ਤੇ ਹਕੀਕਤ ਕੁਝ ਹੋਰ ਹੈ ਬੀਤੇ ਦਿਨ ਵੀ ਬਲਾਕ ਮਾਜਰੀ ਤੇ ਪਿੰਡਾਂ ਵਿੱਚੋਂ ਜੰਗਲਾਤ ਵਿਭਾਗ ਦੇ ਅਫਸਰਾਂ ਨੇ ਵੱਡੀ ਮਾਤਰਾ ਦੇ ਵਿੱਚ ਖੈਰ ਦੀ ਲੱਕੜ ਜੋ ਟਰਾਲੀ ਭਰਕੇ ਫੜੀ ਗਈ ,ਜਾਣਕਾਰ ਸੂਤਰ ਦੱਸਦੇ ਹਨ ਕਿ ਇਸ ਲੱਕੜ ਦੀ ਕੀਮਤ ਲੱਖਾਂ ਰੁਪਏ ਵਿੱਚ ਹੈ ਪਰ ਜੰਗਲਾਤ ਅਧਿਕਾਰੀਆਂ ਵੱਲੋਂ ਇਸ ਨੂੰ ਸਿਰਫ 70-75 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ । ਇੱਥੇ ਇਹ ਵੀ ਦੱਸ ਦਈਏ ਕਿ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦਾ ਰਵਈਆ ਵੀ ਕੋਈ ਬਹੁਤਾ ਅੱਛਾ ਨਹੀਂ ਹੈ ਹੈ। ਜਦੋਂ ਇਸ ਸਬੰਧੀ ਸਿਸਵਾਂ ਰੇਜ ਅਫ਼ਸਰ ਸਤਵਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਦੱਸਿਆ ਕਿ ਡੀਆਰ ਕੱਟ ਕੇ ਲਗਭਗ 70 -75 ਹਜ਼ਾਰ ਦਾ ਜੁਰਮਾਨਾ ਕਰ ਦਿੱਤਾ ਗਿਆ ਹੈ। ਇਹ ਲੱਕੜ ਕਿਸੇ ਡੀਪੂ ਵੱਲੋਂ ਫੜੀ ਗਈ ਹੈ ਜਦਕਿ ਉਹ ਵੀ ਇਥੇ ਖੁੱਲ ਕੇ ਬੋਲਣ ਨੂੰ ਤਿਆਰ ਨਹੀਂ ਦਿਖਾਈ ਦਿੱਤੇ 9 ਇਸ ਸਬੰਧੀ ਤਾਰਾ ਪਰ ਰੇਂਜ ਦੇ ਰੇਂਜ ਗਾਰਡ ਅਮਨ ਯਾਦਵ ਨਾਲ ਗੱਲ ਕੀਤੀ ਤਾਂ ਉਹਨਾਂ ਦੱਸਿਆ ਕਿ ਇਸ ਸਬੰਧੀ ਮੈਂ ਆਪ ਨੂੰ ਕੋਈ ਵੀ ਜਾਣਕਾਰੀ ਨਹੀਂ ਦੇ ਸਕਦਾ ਜੇਕਰ ਤੁਸੀਂ ਕੋਈ ਜਾਣਕਾਰੀ ਲੈਣੀ ਹੈ ਤਾਂ ਸਾਡੇ ਉੱਚ ਅਧਿਕਾਰੀਆਂ ਨੂੰ ਪੁੱਛੋ ਜਦਕਿ ਪੂਰੀ ਪੂਰੀ ਜਿੰਮੇਵਾਰੀ ਰੇਂਜ ਗਾਰਡ ਦੀ ਬਣਦੀ ਹੁੰਦੀ ਹੈ । ਇਹਨਾਂ ਗੱਲਾਂ ਤੋਂ ਲੱਗਦਾ ਹੈ ਕਿ ਜੰਗਲ ਦੇ ਵਿੱਚ ਸਭ ਕੁਝ ਅੱਛਾ ਨਹੀਂ ਹੋ ਰਿਹਾ ਹੈ। ਅਕਸਰ ਹੀ ਅਜਿਹੀਆਂ ਖਬਰਾਂ ਇਥੋਂ ਨਿਕਲ ਕੇ ਆਉਂਦੀਆਂ ਹਨ ਪਰ ਜੰਗਲਾਤ ਦੇ ਉੱਚ ਅਧਿਕਾਰੀ ਗੱਲ ਕਰਨ ਤੋਂ ਕਿ ਅਕਸਰ ਵਾਸਾ ਵੱਟ ਜਾਂਦੇ ਹਨ ।

# 22 ਮਈ ਨੂੰ ਸ਼ੰਭੂ ਤੇ ਖਨੌਰੀ ਬਾਰਡਰ ਉੱਤੇ ਮੋਰਚੇ ਦੇ 100 ਦਿਨ ਪੂਰੇ ਹੋਣ ਤੇ ਬਾਡਰ ਤੇ ਵੱਡੇ ਇਕੱਠ ਦੀਆਂ ਤਿਆਰੀਆਂ ਲਈ ਸੂਬਾ, ਜ਼ਿਲ੍ਹਾ ਆਗੂਆਂ ਵੱਲੋਂ ਜੋਨ ਸੈਣ ਭਗਤ ਜੀ ਕੋਰ ਕਮੇਟੀ ਦੀ ਹੋਈ ਹੰਗਾਮੀ ਮੀਟਿੰਗ:-ਪਰਮਜੀਤ ਛੀਨਾਂ



ਸਰਾਏ ਅਮਾਨਤ ਖਾਂ, - ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਸੈਣ ਭਗਤ ਜੀ ਦੀ ਹੰਗਾਮੀ ਮੀਟਿੰਗ ਗੁਰਦੁਆਰਾ ਸੈਣ ਭਗਤ ਜੀ ਦੇ ਸਥਾਨ ਵਿਖੇ ਜੋਨ ਪ੍ਰਧਾਨ ਪਰਮਜੀਤ ਸਿੰਘ ਛੀਨਾਂ ਸਕੱਤਰ ਹਰਪ੍ਰੀਤ ਸਿੰਘ ਭੁੱਚਰ ਦੀ ਅਗਵਾਈ ਹੇਠ ਰੱਖੀ ਗਈ। ਜਿੱਥੇ ਸੂਬਾ ਆਗੂ ਤੇ ਜ਼ਿਲ੍ਹਾ ਤਰਨਤਾਰਨ ਦੇ ਇੰਨਚਾਰਜ ਹਰਪ੍ਰੀਤ ਸਿੰਘ ਸਿੱਧਵਾਂ , ਜ਼ਿਲ੍ਹਾ ਆਗੂ ਜਰਨੈਲ ਸਿੰਘ ਨੂਰਦੀ , ਵਿਸੇਸ ਤੌਰ ਤੇ ਪਹੁੰਚੇ । ਮੀਟਿੰਗ ਨੂੰ ਸੰਬੋਧਨ ਕਰਦਿਆ ਆਗੂਆ ਨੇ ਕਿਹਾ ਕੇ ਦੇਸ ਵਿਆਪੀ ਅੰਦੋਲਨ ਹਰਿਆਣੇ ਤੇ ਰਾਜਸਥਾਨ ਦੇ ਬਾਡਰਾ ਤੇ ਚੜਦੀਕਲਾਂ ਵਿਚ ਚੱਲ ਰਿਹਾ ਹੈ। ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਵੱਲੋਂ ਸੰਭੂ ਤੇ ਖਨੌਰੀ ਬਾਡਰਾਂ ਤੇ ਚੱਲ ਰਹੇ ਮੋਰਚੇ ਦੇ 100 ਦਿਨ ਪੂਰੇ ਹੋਣ ਉੱਤੇ 22 ਮਈ ਨੂੰ ਲੱਖਾ ਕਿਸਾਨਾਂ ਮਜ਼ਦੂਰਾਂ ਦਾ ਇੱਕਠ ਕਰਨ ਦਾ ਇਲਾਨ ਕੀਤਾ ਗਿਆ ਹੈ । ਇਸ ਸੱਦੇ ਨੂੰ ਕਾਮਯਾਬ ਬਣਾਉਣ ਲਈ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋ ਤਿਆਰੀਆ ਪੂਰੇ ਜੋਰ ਨਾਲ ਵਿੱਡ ਦਿੱਤੀਆਂ ਗਈਆਂ ਹਨ। ਜਿਸ ਦੇ ਸਿਲਸਲੇ ਤਹਿਤ ਅੱਜ ਜੋਨ ਸੈਣ ਭਗਤ ਜੀ ਦੀ ਮੀਟਿੰਗ ਕੀਤੀ ਗਈ ਹੈ। ਜੋਨ ਦੇ ਆਗੂ ਸਾਹਿਬਾਨਾ ਨੇ ਮੋਰਚੇ ਦੀ ਕਾਲ ਨੂੰ ਕਾਮਯਾਬ ਕਰਨ ਲਈ ਕਿਸਾਨ ਮਜ਼ਦੂਰਾ ਦਾ ਵੱਡਾ ਇਕੱਠ ਮੋਰਚੇ ਵਿੱਚ ਭੇਜਣ ਦਾ ਭਰੋਸਾ ਸੂਬਾ ਤੇ ਜਿਲਾ ਟੀਮ ਨੂੰ ਦਿੱਤਾ।

ਆਗੂਆ ਨੇ ਅੱਗੇ ਕਿਹਾ ਕੇ ਦੇਸ਼ ਵਿੱਚ ਪਾਰਲੀਮੈਂਟ ਚੋਣਾ ਦੀ ਮੰਡੀ 5 ਸਾਲ ਬਾਅਦ ਇਕ ਵਾਰ ਫਿਰ ਲੱਗੀ ਹੋਈ ਹੈ । ਕਾਰਪੋਰੇਟ ਜਗਤ ਦਾ ਹਜ਼ਾਰਾ ਕਰੋੜ ਰੁਪਏ ਪਹਿਲੀ ਦੀ ਤਰਾ ਇਨ੍ਹਾਂ ਚੋਣਾ ਦੀ ਮੰਡੀ ਵਿੱਚ ਲੱਗਾ ਹੋਇਆ ਹੈ। ਕਿਸਾਨ ਆਗੂਆ ਨੇ ਪੰਜਾਬ ਵਾਸੀਆ ਨੂੰ ਸੱਦਾ ਦਿੱਤਾ ਹੈ ਕੇ ਭਾਰਤੀ ਜਨਤਾ ਪਾਰਟੀ ਤੇ ਉਸਦੇ ਗੱਠਜੋੜ ਦੇ ਖਿਲਾਫ ਲਹਿਰ ਤੇਜ਼ ਕੀਤੀ ਜਾਵੇ ਤਾ ਜੋ ਕਿਸਾਨਾ ਨੂੰ ਸ਼ਹੀਦ ਕਰਨ ਵਾਲੀ ਪਾਰਟੀ ਨੂੰ ਸਬਕ ਸਿਖਾਇਆ ਜਾਵੇ । ਕਿਸਾਨ ਆਗੂਆ ਵੱਲੋ ਜੋਨ ਸੈਣ ਭਗਤ ਜੀ ਦੇ ਸਾਰੇ ਪਿੰਡਾਂ ਨੂੰ ਕਿਹਾ ਗਿਆ ਕਿ ਜੱਥੇਬੰਦੀ ਦੇ ਨਿਰਦੇਸ਼ਾ ਅਨੁਸਾਰ ਸੰਭੂ ਤੇ ਖਨੌਰੀ ਬਾਰਡਰਾ ਤੇ ਚੱਲ ਰਹੇ ਲੰਗਰਾ ਵਾਸਤੇ ਹਰ ਪਿੰਡ ਵਿੱਚੋ 5 ਕੁਵਿਟਲ ਕਣਕ ਅਤੇ ਛਿਮਾਹੀ ਫੰਡ ਜਮਾ ਕਰਵਾਏ ਜਾਣ। ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਲੰਗਰ ਤੇ ਮੋਰਚਾ ਸੁਚੱਜੇ ਅਤੇ ਚੜਦੀਕਲਾ ਨਾਲ ਚਲਦਾ ਰਹੇ। ਨਾਲ ਹੀ ਕਮੇਟੀ ਨੇ ਕਿਸਾਨੀ ਕਾਰਡ ਆਪਣੇ ਤੌਰ ਤੇ ਬਣਾ ਕੇ ਵੇਚਣ ਵਾਲੀਆ ਪ੍ਰਿੰਟਿੰਗ ਪ੍ਰੈੱਸਾ ਨੂੰ ਵਾਰਨਿੰਗ ਦਿੰਦਿਆ ਕਿਹਾ ਕਿ ਫੜੇ ਜਾਣ ਤੇ ਉਨ੍ਹਾਂ ਉੱਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਲ਼ਇਸ ਮੌਕੇ ਕਸ਼ਮੀਰ ਸਿੰਘ ਭੁੱਚਰ, ਦਲਬੀਰ ਸਿੰਘ ਮੱਲ੍ਹੀ, ਕੁਲਦੀਪ ਸਿੰਘ ਔਲਖ ਸਰਾਂ,ਕੁਲਜੀਤ ਸਿੰਘ ਛੀਨਾਂ,ਮਲਕੀਤ ਸਿੰਘ ਬਘਿਆੜੀ, ਪ੍ਰੀਤਮ ਸਿੰਘ ਮੀਆਂਪੁਰ, ਲਖਵਿੰਦਰ ਸਿੰਘ ਵਲੰਟੀਅਰ, ਰਸ਼ਪਾਲ ਸਿੰਘ ਨਾਗ,ਕਸ਼ਮੀਰ ਸਿੰਘ ਸੋਹਲ, ਸੁਬੇਗ ਸਿੰਘ ਸੋਹਲ, ਗੁਰਪ੍ਰੀਤ ਸਿੰਘ ਸੋਹਲ, ਗੁਰਦਿਆਲ ਸਿੰਘ ਲਹੀਆ, ਬਲਕਾਰ ਸਿੰਘ ਲਹੀਆ, ਸਤਵਿੰਦਰ ਸਿੰਘ ਬਾਠ, ਕੁਲਦੀਪ ਸਿੰਘ ਜਗਤਪੁਰਾ, ਬਲਵਿੰਦਰ ਸਿੰਘ ਭੁੱਚਰ,ਧੀਰ ਸਿੰਘ ਭੁੱਚਰ, ਬਲਵਿੰਦਰ ਸਿੰਘ ਡਰਾਈਵਰ ਛੀਨਾਂ, ਬਲਵਿੰਦਰ ਸਿੰਘ ਭੁੱਚਰ, ਅਮਰਜੀਤ ਸਿੰਘ ਛੀਨਾਂ, ਦਲਬੀਰ ਸਿੰਘ ਫੌਜੀ ਸੋਹਲ, ਲਖਵਿੰਦਰ ਸਿੰਘ ਮੀਆਂਪੁਰ ਜੋਨ ਸੈਣ ਭਗਤ ਜੀ ਦੀ ਕੋਰ ਕਮੇਟੀ ਤੇ ਸਾਰੀਆਂ ਇਕਾਈਆਂ ਦੇ ਆਗੂ ਹਾਜ਼ਰ ਸਨ।

# ਸਾਨ, ਝੋਨੇ ਅਤੇ ਨਰਮੇ ਦਾ ਬੀਜ ਖ੍ਰੀਦਣ ਉਪਰੰਤ ਬਿੱਲ ਜ਼ਰੂਰ ਲੈਣ :ਮੁੱਖ ਖੇਤੀਬਾੜੀ ਅਫਸਰ

## ਕਿਸਾਨਾਂ ਨੂੰ ਝੋਨੇ ਦੇ ਮਿਆਰੀ ਬੀਜ ਉਪਲਬਧ ਕਰਵਾਉਣ ਲਈ ਕੋਟਕਪੂਰਾ ਮੰਡੀ ਦੇ ਬੀਜ ਵਿਕ੍ਰੇਤਾਵਾਂ ਦੀ ਅਚਨਚੇਤ ਚੈਕਿੰਗ



ਫਰੀਦਕੋਟ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਸਾਉਣੀ 2024 ਦੇ ਸੀਜਨ ਦੌਰਾਨ ਝੋਨੇ ਅਤੇ ਨਰਮੇ ਦਾ ਮਿਆਰੀ ਬੀਜ ਉਪਲੱਬਧ ਕਰਵਾਉਣ ਦੇ ਮਕਸਦ ਨਾਲ ਡਾ.ਅਮਰੀਕ ਸਿੰਘ, ਮੁੱਖ ਖੇਤੀਬਾੜੀ ਅਫਸਰ, ਫਰੀਦਕੋਟ ਦੀ ਅਗਵਾਈ ਹੇਠ ਵਿਸ਼ੇਸ਼ ਟੀਮ ਵੱਲੋਂ ਕੋਟਕਪੂਰਾ ਸ਼ਹਿਰ ਦੇ ਬੀਜ ਵਿਕ੍ਰੇਤਾਵਾਂ ਦੇ ਕਾਰੋਬਾਰੀ ਅਦਾਰਿਆਂ ਦੀ ਚੈਕਿੰਗ ਕੀਤੀ ਗਈ । ਟੀਮ ਵਿਚ ਡਾ.ਗੁਰਪ੍ਰੀਤ ਸਿੰਘ ਬਲਾਕ ਖੇਤੀਬਾੜੀ ਅਫਸਰ , ਡਾ.ਪਰਮਿੰਦਰ ਸਿੰਘ, ਡਾ .ਲਖਵੀਰ ਸਿੰਘ , ਗੁਰਮਿੰਦਰ ਸਿੰਘ , ਖੇਤੀਬਾੜੀ ਵਿਕਾਸ ਅਫਸਰ, ਡਾ.ਪ੍ਰਿੰਸ ਸਿੰਘ ਖੇਤੀਬਾੜੀ ਵਿਕਾਸ ਅਫਸਰ (ਪੀ.ਪੀ.) ,ਹਰਜਿੰਦਰ ਸਿੰਘ ਖੇਤੀ ਉਪ ਨਿਰੀਖਕ ਸ਼ਾਮਿਲ ਸਨ । ਬੀਜ ਵਿਕ੍ਰੇਤਾਵਾਂ ਦੀਆਂ ਦੁਕਾਨਾਂ ਦੀ ਚੈਕਿੰਗ ਕਰਨ ਉਪਰੰਤ ਗੱਲਬਾਤ ਕਰਦਿਆਂ ਮੁੱਖ ਖੇਤੀਬਾੜੀ ਅਫਸਰ, ਡਾ.ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਲੋਂ ਝੋਨੇ ਦੀ ਗੈਰ ਸਿਫਾਰਸ਼ਸ਼ੁਦਾ, ਪੱਕਣ ਵਿੱਚ ਲੰਮਾ ਸਮਾਂ ਲੈਣ ਵਾਲੀ ਕਿਸਮ ਪੂਸਾ 44 ਦੀ ਕਿਸਾਨਾਂ ਨੂੰ ਨਾ ਵੇਚਿਆ ਜਾਵੇ । ਉਨ੍ਹਾਂ ਕਿਹਾ ਕਿ ਇਸ ਵਾਰ ਪੀ.ਆਰ 126 ਕਿਸਮ ਦੇ ਬੀਜ ਦੀ ਮੰਗ ਵਧੇਰੇ ਹੋਣ ਕਾਰਨ, ਬੀਜ ਵਿੱਚ ਗੜਬੜ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ, ਇਸ ਲਈ ਡਾਇਰੈਕਟਰ ਖੇਤੀਬਾੜੀ ਪੰਜਾਬ ਦੇ ਆਦੇਸ਼ਾਂ ਤੇ ਪੀ.ਆਰ 126 ਕਿਸਮ ਦੇ ਬੀਜ ਦੇ ਨਮੂਨੇ ਲੈ ਕੇ ਸ਼ੁੱਧਤਾ ਦੀ ਪਰਖ ਲਈ ਪ੍ਰਯੋਗਸ਼ਾਲਾ ਵਿਚ ਭੇਜ ਦਿੱਤੇ ਹਨ । ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਨਰਮੇ ਅਤੇ ਝੋਨੇ ਦਾ ਬੀਜ ਸਿਰਫ ਭਰੋਸੇਯੋਗ ਸਰੋਤਾਂ ਤੋਂ ਹੀ ਪੱਕੇ ਬਿੱਲ ਤੇ ਖ੍ਰੀਦਿਆ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਤਰਾਂ ਦੀ ਮੁਸ਼ਕਲ ਤੋਂ ਬਚਿਆ ਜਾ ਸਕੇ । ਉਨ੍ਹਾਂ ਕਿਹਾ ਕਿ ਝੋਨੇ ਦੀ ਘੱਟ ਸਮਾਂ ਲੈਣ ਵਾਲੀ ਪੀ.ਆਰ 126 ਕਿਸਮ ਦੀ ਵਿਕਰੀ ਨੂੰ ਉਤਸ਼ਾਹਿਤ ਕੀਤਾ ਜਾਵੇ । ਇਸ ਮੌਕੇ ਮਾਰਕੀਟ ਵਿਚ ਬੀਜ ਦੀ ਖਰੀਦ ਕਰਨ ਆਏ ਕਿਸਾਨਾਂ ਨੇ ਕਿਹਾ ਕਿ ਕਿਸਾਨਾਂ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ਸ਼ੁਦਾ ਕਿਸਮਾਂ ਪੀ.ਆਰ 126 ਅਤੇ 131 ਦੀ ਜ਼ਿਆਦਾ ਕਾਸ਼ਤ ਕੀਤੀ ਜਾ ਰਹੀ ਹੈ ਅਤੇ ਪੂਸਾ 44 ਕਿਸਮ ਦੀ ਬਿਲਕੁੱਲ ਕਾਸ਼ਤ ਨਹੀਂ ਕੀਤੀ ਜਾਵੇਗੀ । ਇਸ ਮੌਕੇ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਰਾਜਨ ਗੋਇਲ ਵੱਲੋਂ ਵਿਸ਼ਵਾਸ਼ ਦਿਵਾਇਆ ਗਿਆ ਕਿ ਉਹ ਕੇਵਲ ਝੋਨੇ ਦੀ ਕਿਸਮ ਪੀ.ਆਰ 126 ਅਤੇ 131 ਦਾ ਮਿਆਰੀ ਬੀਜ ਹੀ ਪੱਕਾ ਬਿੱਲ ਕੱਟਣ ਉਪਰੰਤ ਕਿਸਾਨਾਂ ਨੂੰ ਵਿਕਰੀ ਕਰਨਗੇ।



# ਬਿਭਵ ਕੁਮਾਰ ਮੈਨੂੰ ਲਗਾਤਾਰ ਲੱਤਾਂ ਤੇ ਥੱਪੜ ਮਾਰਦਾ ਰਿਹਾ ਤੇ ਮੈਂ ਮਦਦ ਲਈ ਚੀਕਦੀ ਰਹੀ: ਮਾਲੀਵਾਲ ਮਾਮਲੇ 'ਚ ਦਰਜ ਐੱਫਆਈਆਰ



ਨਵੀਂ ਦਿੱਲੀ, 17 ਮਈ- ਪੁਲੀਸ ਐੱਫਆਈਆਰ ਅਨੁਸਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸਹਿਯੋਗੀ ਬਿਭਵ ਕੁਮਾਰ ਨੇ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੂੰ ਕਥਿਤ ਤੌਰ 'ਤੇ ਕਈ ਵਾਰ ਲੱਤ ਮਾਰੀ ਅਤੇ ਥੱਪੜ ਮਾਰਿਆ। ਉਹ ਕਈ ਵਾਰ ਮਦਦ ਲਈ ਲਗਾਤਾਰ ਰੌਲਾ ਪਾਉਂਦੀ ਰਹੀ। ਮਾਲੀਵਾਲ 'ਤੇ ਹੋਏ ਕਥਿਤ ਹਮਲੇ ਦੇ ਵੇਰਵੇ ਅੱਜ ਉਦੋਂ ਸਾਹਮਣੇ ਆਏ ਜਦੋਂ ਰਾਜ ਸਭਾ ਮੈਂਬਰ ਇਸ ਮਾਮਲੇ 'ਚ ਆਪਣਾ ਬਿਆਨ ਦਰਜ ਕਰਵਾਉਣ ਲਈ ਮੈਜਿਸਟ੍ਰੇਟ ਸਾਹਮਣੇ ਪੇਸ਼ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਦਿੱਲੀ ਪੁਲੀਸ ਨੇ ਵੀਰਵਾਰ ਨੂੰ ਐੱਫਆਈਆਰ ਦਰਜ ਕੀਤੀ ਅਤੇ ਬਿਭਵ ਕੁਮਾਰ ਨੂੰ ਮਾਮਲੇ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ। ਐੱਫਆਈਆਰ ਵਿੱਚ ਕਿਹਾ ਗਿਆ ਹੈ ਕਿ ਮਾਲੀਵਾਲ ਮਦਦ ਲਈ ਲਗਾਤਾਰ ਚੀਕ ਰਹੀ ਸੀ ਪਰ ਬਿਭਵ ਕੁਮਾਰ ਉਸ ਦੀ ਛਾਤੀ, ਪੇਟ ਅਤੇ ਉਸ ਦੇ ਸਰੀਰ ਦੇ ਹੇਠਲੇ ਹਿੱਸਿਆਂ ਵਿੱਚ ਲੱਤਾਂ ਮਾਰਦਾ ਰਿਹਾ। ਆਪਣੀ ਸ਼ਿਕਾਇਤ ਵਿਚ ਮਾਲੀਵਾਲ ਨੇ ਕਿਹਾ ਕਿ ਮੁਲਜ਼ਮ ਨੇ ਉਸ 'ਤੇ ਪੂਰੀ ਤਾਕਤ ਨਾਲ ਵਾਰ-ਵਾਰ ਹਮਲਾ ਕੀਤਾ ਅਤੇ ਕਥਿਤ ਤੌਰ 'ਤੇ ਉਸ ਦੇ ਸੱਤ-ਅੱਠ ਥੱਪੜ ਮਾਰੇ।

# ਭਾਜਪਾ ਮਹਿਲਾ ਮੋਰਚਾ ਨੇ ਚੂੜੀਆਂ ਨਾਲ ਕੇਜਰੀਵਾਲ ਦੀ ਰਿਹਾਇਸ਼ ਨੇੜੇ ਪ੍ਰਦਰਸ਼ਨ ਕੀਤਾ



ਨਵੀਂ ਦਿੱਲੀ, - ਭਾਜਪਾ ਮਹਿਲਾ ਮੋਰਚਾ ਦੀ ਦਿੱਲੀ ਇਕਾਈ ਨੇ ਆਮ ਆਦਮੀ ਪਾਰਟੀ ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨਾਲ ਕਥਿਤ ਬਦਸਲੂਕੀ ਦੇ ਮਾਮਲੇ ਵਿੱਚ ਅੱਜ ਸਵੇਰੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਨੇੜੇ ਪ੍ਰਦਰਸ਼ਨ ਕੀਤਾ। ਮਹਿਲਾ ਮੋਰਚਾ ਦੀ ਪ੍ਰਧਾਨ ਰਿਚਾ ਪਾਂਡੇ ਮਿਸ਼ਰਾ ਦੀ ਅਗਵਾਈ ਹੇਠ ਚੂੜੀਆਂ ਪਾ ਕੇ ਪ੍ਰਦਰਸ਼ਨਕਾਰੀਆਂ ਨੇ ਕੇਜਰੀਵਾਲ ਦਾ ਵਿਰੋਧ ਕੀਤਾ ਤੇ ਉਨ੍ਹਾਂ ਦੇ ਸਹਿਯੋਗੀ ਬਿਸ਼ਵ ਕੁਮਾਰ ਵੱਲੋਂ ਮਾਲੀਵਾਲ ਨਾਲ ਕਥਿਤ ਦੁਰਵਿਵਹਾਰ ਦੇ ਮਾਮਲੇ ਵਿੱਚ ਮੁੱਖ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ। ਮਿਸ਼ਰਾ ਨੇ ਕਿਹਾ ਕਿ ਮਹਿਲਾ ਮੋਰਚਾ ਮਾਲੀਵਾਲ ਨਾਲ ਵਾਪਰੀ ਘਟਨਾ 'ਤੇ ਚੁੱਪ ਰਹਿਣ 'ਤੇ ਕੇਜਰੀਵਾਲ ਨੂੰ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਚੂੜੀਆਂ ਸੌਂਪਣਾ ਚਾਹੁੰਦੀ ਸੀ।

# ਅਗਨੀ ਕਾਂਡ: ਜਮਹੂਰੀ ਅਧਿਕਾਰ ਸਭਾ ਵੱਲੋਂ ਤੱਥ ਖੋਜ ਰਿਪੋਰਟ ਜਾਰੀ

ਬਠਿੰਡਾ, - ਇਥੇ ਉੜੀਆ ਕਲੋਨੀ 'ਚ ਲੰਘੀ 23 ਅਪਰੈਲ ਨੂੰ ਅੱਗ ਲੱਗਣ ਕਾਰਣ ਦੋ ਸਕੀਆਂ ਭੈਣਾਂ ਦੀ ਮੌਤ ਅਤੇ ਕਈ ਝੁੱਗੀਆਂ ਸਮੇਤ ਵਿੱਚ ਸਾਮਾਨ ਸੜ ਕੇ ਰਾਖ਼ ਹੋਣ ਦੇ ਮਾਮਲੇ ਬਾਰੇ ਜਮਹੂਰੀ ਅਧਿਕਾਰ ਸਭਾ ਬਠਿੰਡਾ ਨੇ ਤੱਥ ਖੋਜ ਰਿਪੋਰਟ ਜਾਰੀ ਕੀਤੀ ਹੈ।

ਦਸ ਮੈਂਬਰੀ ਤੱਥ ਖੋਜ ਕਮੇਟੀ ਦੀ ਰਿਪੋਰਟ ਰਿਲੀਜ਼ ਕਰਦਿਆਂ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਸਕੱਤਰ ਸੁਦੀਪ ਸਿੰਘ ਅਤੇ ਪ੍ਰੈਸ ਸਕੱਤਰ ਡਾ. ਅਜੀਤਪਾਲ ਸਿੰਘ ਨੇ ਦੱਸਿਆ ਕਿ ਕਲੋਨੀ ਨੂੰ ਜਾਂਦੇ ਨਹਿਰੀ ਪੁਲ ਦਾ ਤੰਗ ਹੋਣਾ ਹੈ ਮੁੱਖ ਕਾਰਨ ਸੀ। ਜੇਕਰ ਫਾਇਰ ਬ੍ਰਿਗੇਡ ਦੇ ਪੁਲ ਤੋਂ ਲੰਘਣ ਜੋਗਾ ਰਸਤਾ ਹੁੰਦਾ ਤਾਂ ਅੱਗ ਨਾਲ ਇੰਨਾ ਭਿਆਨਕ ਨੁਕਸਾਨ ਨਹੀਂ ਹੋਣਾ ਸੀ। ਇਹ ਕਲੋਨੀ ਸਲੱਮ ਏਰੀਆ ਐਕਟ ਤਹਿਤ ਅਲਾਟਡ ਕਲੋਨੀ ਹੈ, ਜੋ ਸ਼ਹਿਰ ਦੇ ਵਾਰਡ ਨੰਬਰ 47 ਦਾ ਹਿੱਸਾ ਹੈ। ਇੱਥੋਂ ਦੇ ਵਸਨੀਕਾਂ ਦੇ ਆਧਾਰ ਕਾਰਡ, ਰਾਸ਼ਨ ਕਾਰਡ ਤੇ ਵੋਟਰ ਕਾਰਡ ਵੀ ਬਣੇ ਹੋਏ ਹਨ। ਅਗਨੀ ਕਾਂਡ ਵਿੱਚ 9 ਝੁੱਗੀਆਂ ਸੜਣ ਤੋਂ ਇਲਾਵਾ ਦੋ ਮਾਸੂਮ ਬੱਚੀਆਂ ਵੀ ਸੜਕੇ ਮਰ ਗਈਆਂ ਅਤੇ ਬਹੁਤ ਸਾਰਾ ਘਰੇਲੂ ਸਮਾਨ ਸੜ ਕੇ ਸੁਆਹ ਹੋ ਗਿਆ। ਆਗੂਆਂ ਨੇ ਦੱਸਿਆ ਕਿ ਕਲੋਨੀ 'ਚ ਰਹਿੰਦੇ ਮਿਹਨਤਕਸ਼ ਲੋਕਾਂ ਨੂੰ ਮਾਣਮੱਤੀ ਅਤੇ ਸਿਹਤਮੰਦ ਜ਼ਿੰਦਗੀ ਲਈ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣਾ, ਸਰਕਾਰ ਦੀ ਸੰਵਿਧਾਨਿਕ ਜ਼ਿੰਮੇਵਾਰੀ ਹੈ ਅਤੇ ਦਿਹਾੜੀਦਾਰਾਂ ਲਈ ਸੁਰੱਖਿਅਤ ਰਿਹਾਇਸ਼ ਦਾ ਟੀਚਾ ਉਦੋਂ ਤੱਕ ਪੂਰਾ ਨਹੀਂ ਹੋ ਸਕਦਾ, ਜਦ ਤੱਕ ਰਾਜ ਪ੍ਰਸਾਸ਼ਨ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦਾ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਅਗਨੀ ਕਾਂਡ ਦੀ ਜ਼ਿਲ੍ਹਾ ਪ੍ਰਸ਼ਾਸਨ ਪਾਰਦਰਸ਼ੀ ਪੜਤਾਲ ਕਰੇ ਅਤੇ ਅੱਗੇ ਤੋਂ ਅਜਿਹੀ ਘਟਨਾ ਨਾ ਵਾਪਰੇ, ਇਸ ਲਈ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣ।

# ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਵਿਰੋਧ ਕਰਨ 'ਤੇ ਜਥੇਬੰਦੀਆਂ ਦੇ 40 ਆਗੂ ਹਿਰਾਸਤ 'ਚ ਲਏ



ਸਾਦਿਕ : ਕਿਰਤੀ ਕਿਸਾਨ ਯੂਨੀਅਨ, ਨੌਜਵਾਨ ਭਾਰਤ ਸਭਾ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਵੱਲੋਂ ਭਾਜਪਾ ਉਮੀਦਵਾਰਾਂ ਤੇ ਆਗੂਆਂ ਦੇ ਵਿਰੋਧ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਕਤ ਜਥੇਬੰਦੀ ਦੇ ਆਗੂਆਂ ਨੇ ਸਾਦਿਕ ਨੇੜੇ ਪਿੰਡ ਬੀਹਲੇਵਾਲਾ ਵਿਖੇ ਭਾਜਪਾ ਦੇ ਹੰਸ ਰਾਜ ਹੰਸ ਦਾ ਵਿਰੋਧ ਕਰਨਾ ਚਾਹਿਆ ਤਾਂ ਪੰਜਾਬ ਪੁਲਿਸ ਵੱਲੋਂ ਰਜਿੰਦਰ ਸਿੰਘ ਰਾਜਾ ਕਿੰਗਰਾ ਜ਼ਿਲ੍ਹਾ ਪ੍ਰਧਾਨ ਫਰੀਦਕੋਟ, ਡਾ. ਕੁਲਵਿੰਦਰ ਸਿੰਘ ਬੀਹਲੇਵਾਲਾ, ਨੌਨਿਹਾਲ ਸਿੰਘ ਦੀਪ ਸਿੰਘ ਵਾਲਾ ਸਮੇਤ ਕਰੀਬ 40 ਜਣੇ ਹਿਰਾਸਤ ਵਿੱਚ ਲੈ ਕੇ ਫਰੀਦਕੋਟ ਭੇਜ ਦਿੱਤੇ।

ਇਸ ਦੇ ਨਾਲ ਹੀ ਦੋ ਗੱਡੀਆਂ ਵੀ ਪੁਲਿਸ ਨੇ ਕਬਜੇ ਵਿੱਚ ਲੈ ਲਈਆਂ ਹਨ। ਦੋਹਾਂ ਧਿਰਾਂ ਵੱਲੋਂ ਨਾਅਰੇਬਾਜ਼ੀ ਕੀਤੀ ਗਈ ਤੇ ਵਿਰੋਧ ਦੇ ਬਾਵਜੂਦ ਕੀਤਾ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਵਿਰੋਧ ਕਰਨ ਵਾਲਿਆਂ ਨੂੰ ਸਖ਼ਤ ਸ਼ਬਦਾਂ ਨਾਲ ਸੰਬੋਧਨ ਹੁੰਦਿਆਂ ਕਿਹਾ ਕਿ ਮੈਂ ਕਿਸੇ ਤੋਂ ਡਰ ਕੇ ਨਹੀਂ ਬੋਲਦਾ। ਜਿਸ ਨੇ ਸਾਨੂੰ ਬੁਲਾਇਆ ਸੀ ਉਸ ਨੂੰ ਘਰ ਨੂੰ ਅੱਗ ਲਗਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਇਹ ਅੱਤ ਤੇ ਖੁਦਾ ਦਾ ਵੈਰ ਹੈ ਤੇ ਕਿਤੇ ਰੱਬ ਤੁਹਾਡੇ ਨਾਲ ਨਾਰਾਜ਼ ਨਾ ਹੋ ਜਾਵੇ।

ਇਸ ਮੌਕੇ ਉਨ੍ਹਾਂ ਨਾਲ ਗੌਰਵ ਕੱਕੜ ਜ਼ਿਲ੍ਹਾ ਪ੍ਰਧਾਨ ਭਾਜਪਾ ਫਰੀਦਕੋਟ, ਗਗਨਦੀਪ ਸਿੰਘ ਸੁਖੀਜਾ, ਕ੍ਰਿਸ਼ਨ ਬੀਹਲੇਵਾਲਾ, ਪ੍ਰਦੀਪ ਲਵਲੀ, ਨਸੀਬ ਸੇਠੀ ਵੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਇਸੇ ਪਿੰਡ ਬੀਹਲੇਵਾਲਾ ਵਿਖੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਕੱਕੜ ਤੇ ਸਾਥੀਆਂ ਦਾ ਵਿਰੋਧ ਕਰਨ ਤੇ ਉਕਤ ਜਥੇਬੰਦੀਆਂ ਦੇ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਬਾਅਦ ਵਿੱਚ ਜਥੇਬੰਦੀਆਂ ਦੇ ਥਾਣਾ ਸਾਦਿਕ ਮੂਹਰੇ ਧਰਨਾ ਲਾਉਣ ਤੋਂ ਬਅਦ ਬਿਨਾਂ ਸ਼ਰਤ ਰਿਹਾ ਕਰ ਦਿੱਤਾ ਸੀ।

# ਗਰੀਨ ਜੋਨ ਵਿਚ ਲਗੀ ਰੈੱਡ ਜੋਨ ਦੀ ਫੈਕਟਰੀ ਦਾ ਪ੍ਰਦੂਸ਼ਣ ਬੋਰਡ ਦੀ ਐੱਸ ਡੀ ਉ ਨੇ ਲਿਆ ਜਾਇਜ਼ਾ

## ਰੋਸ ਭਰੇ ਲੋਕਾ ਨੇ ਐੱਸ ਡੀ ਉ ਨੂੰ ਕੀਤੇ ਸਵਾਲ, ਐੱਸ ਡੀ ਉ ਨੇ ਪਰਚਾ ਪਾਉਣ ਗਈ ਦਿੱਤੀ ਧਮਕੀ

ਬੀਜਾਂ, - ਘੁੰਗਾਰਾਲੀ ਵਿਖੇ ਗਰੀਨ ਜੋਨ ਵਿਚ ਲਗੀ ਰੈੱਡ ਜੋਨ ਦੀ ਫੈਕਟਰੀ ਦਾ ਪ੍ਰਦੂਸ਼ਣ ਬੋਰਡ ਦੀ ਐੱਸ ਡੀ ਉ ਪ੍ਰਿਤਪਾਲ ਕੌਰ ਨੇ ਲਿਆ ਜਾਇਜ਼ਾ। ਕਰੀਬ 13 ਦਿਨ ਤੋ ਵੱਲ ਰਹੀ ਕਸਮਕਸ ਬਾਅਦ ਪ੍ਰਦੂਸ਼ਣ ਬੋਰਡ ਦੀ ਜਾਗ ਖੁੱਲ੍ਹੀ। ਰੋਸ ਭਰੇ ਲੋਕਾ ਨੇ ਐੱਸ ਡੀ ਉ ਨੂੰ ਫੈਕਟਰੀ ਦਾ ਦਮੇ ਦਮੇ ਤੇ ਨਿਰੀਖਣ ਨਾ ਕਰਨ ਬਾਰੇ ਤਿੱਖੇ ਸਵਾਲ ਕੀਤੇ ਤਾਂ ਐੱਸ ਡੀ ਉ ਮੈਡਮ ਦਾ ਪਾਰਾ ਹਾਈ ਹੋ ਗਿਆ, ਜਿਸ ਨੇ ਧਰਨਾਕਾਰੀਆ ਉਪਰ ਪਰਚਾ ਪਾਉਣ ਗਈ ਧਮਕੀ ਦੇ ਦਿੱਤੀ। ਲੋਕਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਬੋਧਨ ਹੁੰਦਿਆਂ ਕਿਹਾ ਕਿ ਜੇਕਰ ਇਮਾਨਦਾਰ ਸਰਕਾਰ ਦੇ ਅਧਿਕਾਰੀ ਸਮੇ ਸਮੇ ਤੇ ਇਸ ਫੈਕਟਰੀ ਦਾ ਨਿਰੀਖਣ ਕਰਦੇ ਰਹਿੰਦੇ ਤਾਂ ਅੱਜ ਇਹ ਨੌਬਤ ਨਾ ਆਉਂਦੀ। ਐੱਸ ਡੀ ਉ ਦੀ ਉਸ ਗੈਰ ਜਿੰਮੇਵਾਰਾਨਾ ਧਮਕੀ ਬਾਰੇ ਹਲਕਾ ਵਿਧਾਇਕ ਨੂੰ ਜਾਣੂੰ ਕਰਵਾ ਦਿੱਤਾ ਗਿਆ।

ਜਿਕਰਯੋਗ ਹੈ ਕਿ ਘੁੰਗਰਾਲੇ ਰਾਜਪੂਤਾਂ ਵਿਖੇ ਪ੍ਰਦੂਸ਼ਣ ਫੈਲਾਅ ਰਹੀ ਫੈਕਟਰੀ ਬੰਦ ਕਟਵਾਉਣ ਲਈ ਕਰੀਬ ਲਾਗਲੇ 12 ਪਿੰਡਾ ਵਲੋ 5 ਮਈ ਤੋਂ ਨਿਰੰਤਰ ਧਰਨਾ ਚਲ ਰਿਹਾ ਹੈ। ਅਖ਼ਬਾਰਾਂ ਦੀ ਸੁਰੱਖਿਆ ਨਾਲ ਪ੍ਰਸ਼ਾਸ਼ਨ ਦੇ ਧਿਆਨ ਵਿੱਚ ਆਇਆ ਇਹ ਮਾਮਲਾ ਸਰਕਾਰ ਦੀਆ ਬੂਹਾਂ ਤੇ ਪੁੱਜ ਗਿਆ ਹੈ। ਜਿਸ ਤਹਿਤ ਬੀਤੇ ਕਲ ਖੰਨਾ ਦੇ ਵਿਧਾਇਕ ਤਰਨਪ੍ਰੀਤ



ਸਿੰਘ ਸੌਂਦ ਧਰਨੇ ਵਾਲੀ ਜਗ੍ਹਾ ਪੁੱਜੇ ਅਤੇ ਲੋਕ ਤੋ ਪੁਖਤਾ ਜਾਣਕਾਰੀ ਹਾਸਲ ਕੀਤੀ, ਜਿਨਾ ਵਿਸ਼ਵਾਸ ਦਿਵਾਇਆ ਕਿ ਉਹ ਫੈਕਟਰੀ ਬੰਦ ਕਰਵਾਉਣ ਲਈ ਹਰ ਹੀਲਾ ਵਸੀਲਾ ਵਰਤ ਕੇ ਲੋਕਾ ਦੀ ਸਮੱਸਿਆ ਦਾ ਹਲ ਕਰਨਗੇ। ਜਿਨਾ ਦੇ ਜਾਣ ਮਗਰੋਂ ਪ੍ਰਦੂਸ਼ਣ ਬੋਰਡ ਦੀ ਐਸਡੀਓ ਪ੍ਰਿਤਪਾਲ ਕੌਰ ਫ਼ਤਹਿਗੜ੍ਹ ਸਾਹਿਬ ਨੇ ਆ ਦਸਤਕ ਦਿੱਤੀ। ਜਿਨਾ ਨੂੰ ਮੌਕੇ ਤੇ ਪਿੰਡ ਵਾਸੀਆਂ ਨੇ ਫੈਕਟਰੀ ਦੇ ਸਾਰੇ ਪੱਖਾਂ ਦੀ ਜਾਣਕਾਰੀ ਦਿੰਦਿਆ ਦੱਸਿਆ ਕਿ ਫੈਕਟਰੀ ਵਲੋ ਜਿਸ ਕਿਸਾਨ ਦੀ ਜ਼ਮੀਨ ਲਈ ਕੇ ਫ਼ਸਲ ਬੀਜਣ ਬਾਰੇ ਕਿਹਾ ਜਾ ਰਿਹਾ ਹੈ ਉਥੇ ਦੇ ਹਾਲਤ ਸਾਜਗਾਰ ਨਹੀ ਹਨ। ਕਿਉਕਿ ਉਸ ਜ਼ਮੀਨ ਵਿਚ ਪਾਏ ਜਾ ਰਹੇ ਪਾਣੀ ਨਾਲ ਜ਼ਮੀਨ ਲਾਲ ਰੰਗ ਦੀ ਹੋ ਗਈ ਹੈ, ਫ਼ਸਲ ਦੀ ਪਦਾਇਸ ਵੀ ਨਹੀਂ ਹੋ ਰਹੀ। ਐੱਸ ਡੀ ਉ ਨੇ ਕਿਹਾ ਕਿ ਫੈਕਟਰੀ ਅੰਦਰ ਮੇਰੇ ਨਾਲ ਚਲ ਕੇ ਸੈਂਪਲ ਭਰਾਓ, ਤਾਂ ਲੋਕਾ ਨੇ ਕਿਹਾ ਕਿ ਇਹ ਕੰਮ ਵਿਭਾਗ ਦਾ ਹੈ। ਮੈਡਮ ਨੇ ਖੇਤਾਂ ਵਿਚੋਂ ਫੈਕਟਰੀ ਦੀ ਨਿਕਲ ਰਹੀ ਵੈਸਟ ਦਾ ਸੇਪਿਲ ਭਰਿਆ ਅਤੇ ਕਿਹਾ ਕਿ ਉਹ ਫੈਕਟਰੀ ਨੂੰ ਹਦਾਇਤਾਂ ਦੀ ਪਾਲਣਾ ਕਰਵਾਉਣ ਲਈ ਯਕੀਨੀ ਬਣਾਉਣਗੇ।

# ਮੂਰਤੀ ਸਥਾਪਨਾ ਦਿਵਸ 'ਤੇ ਸ਼ਰਧਾਲੂ ਬਬਲੀ ਸ਼ਰਮਾ ਦੇ ਭਜਨਾਂ 'ਤੇ ਨੱਚਣ ਨੂੰ ਹੋਏ ਮਜਬੂਰ

ਜੈਤੋ, -: ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਲਾਕੇ ਦੀ ਪ੍ਰਸਿੱਧ ਧਾਰਮਿਕ ਸੰਸਥਾ ਸ਼੍ਰੀ ਸ਼ਿਆਮ ਸੇਵਾ ਮੰਡਲ ਇਕਾਈ ਜੈਤੋ ਅਤੇ ਸ਼੍ਰੀ ਸ਼ਿਆਮ ਚੈਰੀਟੇਬਲ ਟਰੱਸਟ ਵੱਲੋਂ ਚਲਾਏ ਜਾ ਰਹੇ ਇੱਛਾਪੂਰਨ ਸ਼੍ਰੀ ਸ਼ਿਆਮ ਮੰਦਰ ਇਕਾਈ ਜੈਤੋ ਦਾ 12ਵਾਂ ਮੂਰਤੀ ਸਥਾਪਨਾ ਦਿਵਸ ਮੰਦਿਰ ਦੇ ਵਿਹੜੇ ਵਿੱਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਰਵਾਏ ਗਏ ਵਿਸ਼ਾਲ ਧਾਰਮਿਕ ਸਮਾਗਮ ਦੇ ਮੁੱਖ ਮਹਿਮਾਨ ਸਮਾਜ ਸੇਵੀ ਉਦਯੋਗਪਤੀ ਓਮ ਪ੍ਰਕਾਸ਼ ਗਰਗ ਕੋਟਕਪੂਰਾ ਸਨ ਅਤੇ ਵਿਸ਼ਾਲ ਭੰਡਾਰਾ ਦੇ ਯਜਮਾਨ ਏ.ਬੀ. ਕੋਟਸਪਿਨ ਇੰਡੀਆ ਪ੍ਰਾਈਵੇਟ ਲਿਮਟਿਡ ਜੈਤੋ ਦੇ ਐਮ.ਡੀ. ਦੀਪਕ ਗਰਗ ਸਨ।ਇਸ ਤੋਂ ਇਲਾਵਾ ਦਰਬਾਰ ਪੂਜਨ ਰਾਕੇਸ਼ ਕੁਮਾਰ ਯਾਦਵ ਬਿੱਟੂ ਡਰੈੱਸ ਵਾਲਿਆਂ ਵੱਲੋਂ ਅਤੇ ਜੋਤੀ ਪ੍ਰਚੰਡ ਮੋਹਨ ਲਾਲ ਸਿੰਗਲਾ ਵੱਲੋਂ ਕੀਤੀ ਗਈ । ਮੰਦਿਰ ਦੇ ਪੁਜਾਰੀ ਨੇ ਸਾਰੇ ਯਜਮਾਨਾਂ ਦੇ ਹੱਥੋਂ ਪੂਰਨ ਰਸਮਾਂ ਅਤੇ ਵੈਦਿਕ ਮੰਤਰਾਂ ਨਾਲ ਪੂਜਨ ਕਰਵਾਇਆ। ਇਸ ਮੌਕੇ ਮੂਰਤੀ ਸਥਾਪਨਾ ਦਿਵਸ 'ਤੇ ਸ਼੍ਰੀ ਸੁਰਿੰਦਰ ਕੁਮਾਰ ਸਿੰਗਲਾ ਵੱਲੋਂ ਛੱਪਣ ਭੋਗ ਲਾਇਆ ਗਿਆ ਜਦਕਿ ਸ੍ਰੀ ਸ਼ਿਆਮ ਜੀ ਦੀ ਆਰਤੀ ਰਾਜ ਕੁਮਾਰ ਖੱਦਰ ਭੰਡਾਰ ਅਤੇ ਸ੍ਰੀ ਬਾਲਾ ਜੀ ਦੀ ਆਰਤੀ ਰਾਕੇਸ਼ ਕੁਮਾਰ ਪਿੰਟਾ ਪਰਿਵਾਰ ਵੱਲੋਂ ਕੀਤੀ ਗਈ। ਇਸ ਮੌਕੇ ਵਿਸ਼ਾਲ



ਜਗਰਾਤੇ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਉੱਤਰ ਭਾਰਤ ਦੇ ਪ੍ਰਸਿੱਧ ਧਾਰਮਿਕ ਗਾਇਕ ਬਬਲੀ ਸ਼ਰਮਾ ਬਠਿੰਡਾ ਵੱਲੋਂ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ,ਜਿਸ ਨੂੰ ਸੁਣ ਕੇ ਸ਼ਰਧਾਲੂ ਖਾਸਕਰ ਮਹਿਲਾਵਾਂ ਨੱਚਣ ਲਈ ਮਜਬੂਰ ਹੋ ਗਈਆਂ। ਬਬਲੀ ਸ਼ਰਮਾ ਦੀਆਂ ਮਾਰਕੀਟ ਵਿਚ ਕ ?ਈ ਭਜਨਾਂ ਦੀਆਂ ਸੀਡੀਜ ਆ ਚੁੱਕੀਆਂ ਹਨ ਜਿਨ੍ਹਾਂ ਨੂੰ ਲੋਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਹੈ।ਇਸ ਮੌਕੇ ਸ਼੍ਰੀ ਸ਼ਿਆਮ ਸੇਵਾ ਮੰਡਲ ਦੇ ਪ੍ਰਧਾਨ ਟੀਨੂੰ ਸ਼ਰਮਾ, ਸਕੱਤਰ ਲਲਿਤ ਗਰਗ ਗੋਲਡਾ, ਖਜ਼ਾਨਚੀ ਅਨਿਲ ਜਿੰਦਲ, ਯਸ਼ਪਾਲ ਜਿੰਦਲ ਜੱਸੀ, ਸੰਜੇ ਜਿੰਦਲ ਕਾਕਾ, ਰਾਜ ਕੁਮਾਰ ਸ਼ਰਮਾ, ਰਾਮ ਅਵਤਾਰ ਵਰਮਾ, ਬੈਜਨਾਥ ਸ਼ਰਮਾ, ਰਾਮਪ੍ਰਕਾਸ਼ ਕਥੂਰੀਆ, ਵਿਨੋਦ ਸ਼ਰਮਾ, ਟੋਨੀ ਵਰਮਾ, ਰਾਜੇਸ਼ ਜਿੰਦਲ, ਵਿਕਾਸ ਬਾਂਸਲ, ਮੋਨਾ ਸ਼ਰਮਾ, ਮੰਨੂ ਵਰਮਾ, ਮੋਨੂੰ ਸ਼ਰਮਾ, ਸੁਰਿੰਦਰ ਕੁਮਾਰ, ਭੀਮਸੇਨ ਗੋਇਲ, ਜ਼ਿਲ੍ਹਾ ਵਪਾਰ ਮੰਡਲ ਦੇ ਪ੍ਰਧਾਨ ਪ੍ਰਵੀਨ ਜਿੰਦਲ, ਕੌਂਸਲਰ ਪ੍ਰਦੀਪ ਸਿੰਗਲਾ, ਪੰਡਿਤ ਮੁਕਟ ਬਿਹਾਰੀ ਸ਼ਰਮਾ,ਨੈਂਸੀ ਸ਼ਰਮਾ,ਨਰਿੰਦਰ ਮਿੱਤਲ, ਹੈਪੀ ਜਿੰਦਲ, ਬਾਬੂ ਰਾਮ ਸੈਣੀ, ਗੁੱਡਾ ਬਾਂਸਲ, ਧੀਰਜ ਕੁਮਾਰ, ਗਗਨ ਜਿੰਦਲ, ਬਿੱਲੂ ਸ਼ਰਮਾ, ਬਿੱਟੂ ਯਾਦਵ, ਰਾਜੂ ਗੋਇਲ ਕਰਿਆਨਾ ਵਾਲੇ, ਬੌਬੀ ਯਾਦਵ, ਸ਼ਾਲੂ ਸ਼ਰਮਾ, ਰਮੇਸ਼ ਵਰਮਾ, ਉਮਾਸ਼ੰਕਰ ਸ਼ਰਮਾ ਐਡਵੋਕੇਟ, ਬਿੱਟੂ ਜਿੰਦਲ, ਭੂਸ਼ਨ ਭਾਣਜਾ, ਸੰਜੂ ਗੋਇਲ,ਪਿੰਨਾ ਜਿੰਦਲ, ਸ਼ਸ਼ੀ ਜਿੰਦਲ, ਸ਼ਸ਼ੀ ਮਿੱਤਲ, ਲਕਸ਼ਮੀ ਮਿੱਤਲ, ਅੰਜੂ ਜਿੰਦਲ, ਪੂਨਮ ਜਿੰਦਲ, ਮਮਤਾ ਜਿੰਦਲ, ਵੈਸ਼ਾਲੀ ਰਾਣੀ, ਅੰਜੂ ਗਰਗ, ਅਨੀਤਾ ਗੋਇਲ, ਸਵੀਟੀ ਗੋਇਲ ਅਤੇ ਸਰੋਜ ਸੈਣੀ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੂਰਤੀ ਸਥਾਪਨਾ ਦਿਵਸ ਵਿੱਚ ਜੈਤੋ ਇਲਾਕੇ ਤੋਂ ਇਲਾਵਾ ਕੋਟਕਪੂਰਾ, ਬਠਿੰਡਾ, ਗੋਨੇਆਣਾ, ਕੋਟਕਪੂਰਾ, ਫਰੀਦਕੋਟ ਆਦਿ ਦੇ ਲੋਕਾਂ ਨੇ ਵੀ ਸ੍ਰੀ ਸ਼ਿਆਮ ਬਾਬਾ ਦੇ ਦਰਬਾਰ ਵਿੱਚ ਹਾਜ਼ਰੀ ਲਗਵਾਈ ਅਤੇ ਬਬਲੀ ਸ਼ਰਮਾ ਦੇ ਭੇਜਨਾਂ ਦਾ ਖ਼ੂਬ ਆਨੰਦ ਮਾਣਿਆ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com